16-DEC-PAGE-1.qxd 12/15/2022 9:51 PM Page 1


ਸ਼ੁੱਕਰਵਾਰ, 16 ਦਸੰਬਰ, 2022
1 ਪੋਹ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 196

# ਨਵਾਂ ਜ਼ਮਾਨਾ

DAILY NAWAN ZAMANA • FRIDAY, 16 DECEMBER, 2022 — ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪ੍ਰੂਫ-ਰੀਡਿੰਗ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12


## ਆਦਮਪੁਰ ਤੋਂ ਉਡਾਣਾਂ ਮੁੜ ਸ਼ੁਰੂ ਕਰਨ 'ਤੇ ਵਿਚਾਰ ਹੋ ਰਿਹੈ : ਸਿੰਧੀਆ

**ਨਵੀਂ ਦਿੱਲੀ** : ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਜੋਤਿਰਾਦਿੱਤਿਆ ਸਿੰਧੀਆ ਨੇ ਵੀਰਵਾਰ ਲੋਕ ਸਭਾ ਨੂੰ ਦੱਸਿਆ ਕਿ ਆਦਮਪੁਰ ਲਈ ਉਡਾਣਾਂ ਮੁੜ ਸ਼ੁਰੂ ਕਰਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਜਲੰਧਰ ਤੋਂ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਵੱਲੋਂ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਸਿੰਧੀਆ ਨੇ ਕਿਹਾ ਕਿ ਉਡਾਣ ਸਕੀਮ ਤਹਿਤ ਆਦਮਪੁਰ ਤੋਂ ਤਿੰਨ ਰੂਟ ਹਨ।

## ਗੋਲਡਨ ਗੇਟ ਬਰਿਜ ਤੋਂ ਛਾਲ



**ਵਾਸ਼ਿੰਗਟਨ** : ਭਾਰਤੀ-ਅਮਰੀਕੀ ਅੱਲ੍ਹੜ ਨੇ ਸਾਨਫਰਾਂਸਿਸਕੋ ਦੇ ਮਸ਼ਹੂਰ 'ਗੋਲਡਨ ਗੇਟ ਬ੍ਰਿਜ' ਤੋਂ ਕਥਿਤ ਤੌਰ 'ਤੇ ਛਾਲ ਮਾਰ ਦਿੱਤੀ। ਉਸ ਦੇ ਮਾਤਾ-ਪਿਤਾ ਅਤੇ ਅਮਰੀਕੀ ਕੋਸਟ ਗਾਰਡ ਅਧਿਕਾਰੀਆਂ ਨੇ ਦੱਸਿਆ ਕਿ ਪੁਲ 'ਤੇ 16 ਸਾਲਾ ਮੁੰਡੇ ਦਾ ਸਾਈਕਲ, ਫੋਨ ਅਤੇ ਬੈਗ ਮਿਲਿਆ ਹੈ। ਮੰਨਿਆ ਜਾ ਰਿਹਾ ਹੈ ਕਿ 12ਵੀਂ ਜਮਾਤ ਦੇ ਵਿਦਿਆਰਥੀ ਨੇ ਮੰਗਲਵਾਰ ਸ਼ਾਮ ਕਰੀਬ ਪੰਜ ਵਜੇ ਪੁਲ ਤੋਂ ਛਾਲ ਮਾਰੀ। ਉਸ ਦੇ ਬਚਣ ਦੀ ਸੰਭਾਵਨਾ ਬਹੁਤ ਘੱਟ ਹੈ।

## ਗੋਧਰਾ ਕਾਂਡ ਦੇ ਦੋਸ਼ੀ ਨੂੰ ਜ਼ਮਾਨਤ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸਾਲ 2002 ਦੇ ਗੋਧਰਾ 'ਚ ਰੇਲ ਡੱਬਾ ਸਾੜਨ ਦੇ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਦੋਸ਼ੀ ਨੂੰ ਵੀਰਵਾਰ ਜ਼ਮਾਨਤ ਦੇ ਦਿੱਤੀ। ਉਹ 17 ਸਾਲਾਂ ਤੋਂ ਜੇਲ੍ਹ 'ਚ ਸੀ। ਚੀਫ ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਪੀ ਐੱਸ ਨਰਸਿਮ੍ਹਾ ਦੀ ਬੈਂਚ ਨੇ ਦੋਸ਼ੀ ਫਾਰੂਕ ਵੱਲੋਂ ਪੇਸ਼ ਹੋਏ ਵਕੀਲ ਦੀ ਇਸ ਦਲੀਲ ਦਾ ਨੋਟਿਸ ਲਿਆ ਕਿ ਉਸ ਨੂੰ ਹੁਣ ਤੱਕ ਦੀ ਜੇਲ੍ਹ ਦੀ ਸਜ਼ਾ ਨੂੰ ਦੇਖਦੇ ਹੋਏ ਜ਼ਮਾਨਤ ਦਿੱਤੀ ਜਾਵੇ। ਇਸ ਘਟਨਾ 'ਚ 59 ਜਾਨਾਂ ਗਈਆਂ ਸਨ।

## ਵਿਦਿਆਰਥਣ ਦਾ ਕਤਲ

**ਲੁਧਿਆਣਾ** : ਥਾਣਾ ਜਮਾਲਪੁਰ ਅਧੀਨ ਭਾਮੀਆਂ ਕਲਾਂ 'ਚ 16 ਸਾਲ ਦੀ ਨਾਬਾਲਗ ਵਿਦਿਆਰਥਣ ਦਾ ਕਥਿਤ ਤੌਰ 'ਤੇ ਕਤਲ ਕਰ ਦਿੱਤਾ ਗਿਆ। ਉਸ ਦੀ ਗਰਦਨ 'ਤੇ ਜ਼ਖ਼ਮ ਪਾਏ ਗਏ। ਪੁਲਸ ਮੁਤਾਬਕ ਉਹ ਬੁੱਧਵਾਰ ਸਕੂਲ ਗਈ ਸੀ, ਪਰ ਵਾਪਸ ਨਹੀਂ ਆਈ। ਵੀਰਵਾਰ ਸਵੇਰੇ ਘਰ ਦੇ ਨੇੜੇ ਉਸ ਦੀ ਲਾਸ਼ ਖਾਲੀ ਪਲਾਟ 'ਚੋਂ ਬਰਾਮਦ ਕੀਤੀ ਗਈ। ਪ੍ਰਵਾਸੀ ਮਜ਼ਦੂਰ ਪਰਵਾਰ ਦੀ ਕੁੜੀ 11ਵੀਂ 'ਚ ਪੜ੍ਹਦੀ ਸੀ।

## ਅਗਨੀਪੱਥ 'ਤੇ ਫੈਸਲਾ ਰਾਖਵਾਂ

**ਨਵੀਂ ਦਿੱਲੀ** : ਦਿੱਲੀ ਹਾਈ ਕੋਰਟ ਨੇ ਹਥਿਆਰਬੰਦ ਬਲਾਂ 'ਚ ਭਰਤੀ ਲਈ ਕੇਂਦਰ ਦੀ 'ਅਗਨੀਪੱਥ' ਯੋਜਨਾ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਫੈਸਲਾ ਵੀਰਵਾਰ ਰਾਖਵਾਂ ਰੱਖ ਲਿਆ।

## ਨੀਰਵ ਮੋਦੀ ਨੂੰ ਝਟਕਾ



**ਲੰਡਨ** : ਭਗੌੜੇ ਹੀਰਾ ਵਪਾਰੀ ਨੀਰਵ ਮੋਦੀ ਨੂੰ ਉਸ ਦੀ ਹਵਾਲਗੀ ਵਿਰੁੱਧ ਕਾਨੂੰਨੀ ਲੜਾਈ 'ਚ ਝਟਕਾ ਲੱਗਾ, ਜਦੋਂ ਲੰਡਨ ਸਥਿਤ ਹਾਈ ਕੋਰਟ ਨੇ ਉਸ ਦੀ ਹਵਾਲਗੀ ਦੇ ਹੁਕਮ ਵਿਰੁੱਧ ਬਰਤਾਨੀਆ ਦੀ ਸੁਪਰੀਮ ਕੋਰਟ 'ਚ ਅਪੀਲ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ।

# ਸਿੱਧੇ ਸਬੂਤ ਦੀ ਅਣਹੋਂਦ 'ਚ ਹਾਲਾਤ ਦੇ ਆਧਾਰ 'ਤੇ ਭ੍ਰਿਸ਼ਟ ਲੋਕ ਸੇਵਕ ਦੋਸ਼ੀ ਠਹਿਰਾਇਆ ਜਾ ਸਕਦਾ : ਸੁਪਰੀਮ ਕੋਰਟ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਵੀਰਵਾਰ ਕਿਹਾ ਕਿ ਕਿਸੇ ਲੋਕ ਸੇਵਕ (ਅਫਸਰ) ਨੂੰ ਮੌਕੇ ਦੇ ਹਾਲਾਤ ਦੇ ਆਧਾਰ 'ਤੇ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਦੋਸ਼ੀ ਠਹਿਰਾਇਆ ਜਾ ਸਕਦਾ ਹੈ, ਚਾਹੇ ਉਸ ਖਿਲਾਫ ਕੋਈ ਸਿੱਧਾ ਜ਼ੁਬਾਨੀ ਜਾਂ ਦਸਤਾਵੇਜ਼ੀ ਸਬੂਤ ਨਾ ਹੋਵੇ।

ਜਸਟਿਸ ਐੱਸ ਏ ਨਜ਼ੀਰ ਦੀ ਅਗਵਾਈ ਵਾਲੀ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ ਕਿਹਾ ਕਿ ਸ਼ਿਕਾਇਤਕਰਤਾਵਾਂ ਦੇ ਨਾਲ-ਨਾਲ ਇਸਤਗਾਸਾ ਪੱਖ ਨੂੰ ਵੀ ਸੁਹਿਰਦ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਪ੍ਰਸ਼ਾਸਨ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਲਈ ਭ੍ਰਿਸ਼ਟ ਅਫਸਰਾਂ ਨੂੰ ਕਾਨੂੰਨ ਦੇ ਕਟਹਿਰੇ 'ਚ ਲਿਆਂਦਾ ਜਾ ਸਕੇ ਅਤੇ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਜਾ ਸਕੇ।

ਜਸਟਿਸ ਨਜ਼ੀਰ, ਜਸਟਿਸ ਬੀ ਆਰ ਗਵਈ, ਜਸਟਿਸ ਏ ਐੱਸ ਬੋਪੰਨਾ, ਜਸਟਿਸ ਵੀ ਰਾਮਾਸੁਬਰਾਮਣੀਅਮ ਤੇ ਜਸਟਿਸ ਬੀ ਵੀ ਨਾਗਰਤਨਾ 'ਤੇ ਅਧਾਰਤ ਬੈਂਚ ਨੇ ਇਸ ਮਾਮਲੇ ਵਿਚ 23 ਨਵੰਬਰ ਨੂੰ ਫੈਸਲਾ ਰਾਖਵਾਂ ਰੱਖ ਲਿਆ ਸੀ।

ਫਰਵਰੀ 2019 ਵਿਚ ਸੁਪਰੀਮ ਕੋਰਟ ਦੇ ਦੋ ਜੱਜਾਂ ਦੀ ਬੈਂਚ ਨੇ ਸਤਿਆਨਾਰਾਇਣ ਮੂਰਤੀ ਬਨਾਮ ਆਂਧਰਾ ਪ੍ਰਦੇਸ਼ ਰਾਜ ਦੇ ਮਾਮਲੇ ਵਿਚ 2015 ਦੇ ਸੁਪਰੀਮ ਕੋਰਟ ਦੇ ਫੈਸਲੇ ਵਿਚ ਤਰੁਟੀ ਦੇਖਦਿਆਂ ਮਾਮਲੇ ਨੂੰ ਚੀਫ ਜਸਟਿਸ ਨੂੰ ਭੇਜਦਿਆਂ ਕਿਹਾ ਸੀ ਕਿ ਦੋਸ਼ੀ ਖਿਲਾਫ ਮੁਢਲੇ ਸਬੂਤਾਂ ਦੀ ਕਮੀ ਹੈ, ਇਸ ਕਰਕੇ ਦੋਸ਼ੀ ਅਫਸਰ ਨੂੰ ਬਰੀ ਕਰ ਦੇਣਾ ਚਾਹੀਦਾ ਹੈ। ਚੀਫ ਜਸਟਿਸ ਨੇ ਮਾਮਲਾ ਪੰਜ ਮੈਂਬਰੀ ਬੈਂਚ ਹਵਾਲੇ ਕਰ ਦਿੱਤਾ ਸੀ। ਪੰਜ ਮੈਂਬਰੀ ਬੈਂਚ ਨੇ ਕਿਹਾ ਹੈ ਕਿ ਭ੍ਰਿਸ਼ਟ ਅਫਸਰਾਂ ਖਿਲਾਫ ਨਰਮੀ ਨਹੀਂ ਵਰਤਣੀ ਚਾਹੀਦੀ। ਉਨ੍ਹਾਂ ਖਿਲਾਫ ਕੇਸ ਦਰਜ ਕੀਤਾ ਜਾਣਾ ਚਾਹੀਦਾ ਹੈ ਤੇ ਦੋਸ਼ੀ ਠਹਿਰਾਇਆ ਜਾਣਾ ਚਾਹੀਦਾ ਹੈ, ਕਿਉਂਕਿ ਭ੍ਰਿਸ਼ਟਾਚਾਰ ਨੇ ਸ਼ਾਸਨ ਨੂੰ ਪ੍ਰਭਾਵਤ ਕਰਨ ਵਾਲੇ ਇਕ ਵੱਡੇ ਹਿੱਸੇ ਨੂੰ ਆਪਣੀ ਗ੍ਰਿਫਤ ਵਿਚ ਲੈ ਲਿਆ ਹੈ। ਇਮਾਨਦਾਰ ਅਫਸਰਾਂ 'ਤੇ ਇਸ ਦਾ ਅਸਰ ਪੈਂਦਾ ਹੈ। ਸ਼ਿਕਾਇਤਕਰਤਾ ਦੀ ਮੌਤ, ਉਸ ਦੇ ਮਰ ਜਾਣ ਜਾਂ ਹੋਰਨਾਂ ਕਾਰਨਾਂ ਕਰਕੇ ਸਿੱਧੇ ਸਬੂਤ ਨਾ ਮਿਲ ਸਕਣ ਦੇ ਬਾਵਜੂਦ ਅਫਸਰ ਨੂੰ ਸੰਬੰਧਤ ਪ੍ਰਾਵਧਾਨਾਂ ਤਹਿਤ ਦੋਸ਼ੀ ਠਹਿਰਾਇਆ ਜਾ ਸਕਦਾ ਹੈ। ਬੈਂਚ ਨੇ ਇਸ ਮੁੱਦੇ 'ਤੇ ਵਿਚਾਰ ਕੀਤਾ ਕਿ ਰਿਸ਼ਵਤ ਮੰਗਣ ਦੇ ਸਿੱਧੇ ਜਾਂ ਮੁਢਲੇ ਸਬੂਤ ਨਾ ਹੋਣ ਦੇ ਬਾਵਜੂਦ ਹੋਰਨਾਂ ਸਬੂਤਾਂ ਤੋਂ ਪਤਾ ਲਾਇਆ ਜਾ ਸਕਦਾ ਹੈ ਕਿ ਅਫਸਰ ਦੋਸ਼ੀ ਹੈ।

# ਮੋਰਾਕੋ ਫਰਾਂਸ ਖਿਲਾਫ ਆਖਰੀ ਛਿਣਾਂ ਤੱਕ ਲੜਿਆ



ਮੋਰਾਕੋ ਦਾ ਜਵਾਦ ਅਲ ਯਾਮਿਕ ਗੋਲ ਕਰਨ ਦਾ ਯਤਨ ਕਰਦਾ ਹੋਇਆ।

**ਦੋਹਾ** : ਮੋਰਾਕੋ ਵਿਸ਼ਵ ਕੱਪ ਫੁੱਟਬਾਲ ਦੇ ਸੈਮੀਫਾਈਨਲ ਵਿਚ ਮੌਜੂਦਾ ਚੈਂਪੀਅਨ ਫਰਾਂਸ ਹੱਥੋਂ ਸਿਫਰ ਦੇ ਮੁਕਾਬਲੇ ਦੋ ਗੋਲਾਂ ਨਾਲ ਹਾਰ ਗਿਆ, ਪਰ ਉਸ ਨੇ ਮੁਕਾਬਲਾ ਆਖਰੀ ਛਿਣਾਂ ਤੱਕ ਕੀਤਾ। ਫਾਈਨਲ 18 ਦਸੰਬਰ ਨੂੰ ਕਤਰ ਦੇ ਲੁਸੈਲ ਸਟੇਡੀਅਮ 'ਚ ਅਰਜਨਟੀਨਾ ਤੇ ਫਰਾਂਸ ਵਿਚਾਲੇ ਹੋਵੇਗਾ। ਮੋਰੋਕੋ ਵਿਸ਼ਵ ਕੱਪ ਦੇ ਸੈਮੀਫਾਈਨਲ 'ਚ ਪਹੁੰਚਣ ਵਾਲਾ ਪਹਿਲਾ ਅਫਰੀਕੀ ਦੇਸ਼ ਸੀ। ਹੁਣ ਉਹ 17 ਦਸੰਬਰ ਨੂੰ ਤੀਜੇ ਸਥਾਨ ਦੇ ਮੈਚ ਲਈ ਕ੍ਰੋਏਸ਼ੀਆ ਨਾਲ ਭਿੜੇਗਾ। ਫਰਾਂਸ ਦੇ ਥਿਓ ਹਰਨਾਨਡੇਜ਼ ਨੇ ਪੰਜਵੇਂ ਤੇ ਬਦਲਵੇਂ ਖਿਡਾਰੀ ਰੈਂਡਲ ਕੋਲੋ ਮੁਆਨੀ ਨੇ 79ਵੇਂ ਮਿੰਟ ਵਿਚ ਗੋਲ ਕੀਤੇ। ਮੋਰੋਕੋ ਆਖਰੀ ਛਿਣਾਂ ਤੱਕ ਜੂਝਿਆ। ਜਵਾਦ ਅਲ ਯਾਮਿਕ ਨੇ ਪੈਨਲਟੀ ਬਾਕਸ ਦੇ ਅੰਦਰੋਂ ਬਾਈਸਾਈਕਲ ਕਿੱਕ ਮਾਰੀ, ਪਰ ਉਹ ਗੋਲਕੀਪਰ ਦੇ ਦਸਤਾਨਿਆਂ ਨਾਲ ਟਕਰਾ ਕੇ ਗੋਲ ਪੋਸਟ ਵਿਚ ਵੱਜੀ। ਬਾਲ ਵਾਪਸ ਆਉਣ 'ਤੇ ਹਮਦੱਲ੍ਹਾ ਉਸ ਨੂੰ ਮੁੜ ਗੋਲਾਂ 'ਚ ਨਹੀਂ ਪਾ ਸਕਿਆ।

# ਪੰਜਾਬ ਸਰਕਾਰ ਜਲੰਧਰ ਦੇ ਲਤੀਫਪੁਰਾ 'ਚ ਉਜੜੇ ਲੋਕਾਂ ਨੂੰ ਮੁੜ ਵਸਾਏਗੀ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਨੇ ਜਲੰਧਰ ਦੇ ਲਤੀਫਪੁਰਾ ਦੇ ਉਜਾੜੇ ਨੂੰ ਲੈ ਕੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਸਾਰੇ ਆਰਥਕ ਤੌਰ 'ਤੇ ਕਮਜ਼ੋਰ ਪ੍ਰਭਾਵਤ ਪਰਵਾਰਾਂ ਦਾ ਜਲੰਧਰ ਵਿਖੇ ਮਕਾਨ ਬਣਾ ਕੇ ਮੁੜ-ਵਸੇਬਾ ਕੀਤਾ ਜਾਵੇਗਾ। ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਇੰਪਰੂਵਮੈਂਟ ਟਰੱਸਟ ਜਲੰਧਰ ਦੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ ਨੇ ਦੱਸਿਆ ਕਿ ਇਹ ਮੁਹਿੰਮ ਕੋਰਟ ਦੇ ਹੁਕਮਾਂ 'ਤੇ ਚਲਾਈ ਗਈ ਸੀ। ਇਸ ਮੁਹਿੰਮ ਲਈ ਪਿਛਲੀਆਂ ਸਰਕਾਰਾਂ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਇਸ ਮੁੱਦੇ ਦਾ ਕੋਈ ਠੋਸ ਹੱਲ ਨਹੀਂ ਲੱਭਿਆ। ਸ੍ਰੀ ਸੰਘੇੜਾ ਨੇ ਦੱਸਿਆ ਕਿ ਇਹ ਮਕਾਨ ਜਨਤਕ ਜਾਇਦਾਦ 'ਤੇ ਬਣੇ ਹੋਏ ਹਨ। ਇਸ ਮਾਮਲੇ 'ਚ ਟਰੱਸਟ ਖਿਲਾਫ ਮਾਣਹਾਨੀ ਦਾ ਕੇਸ ਵੀ ਚੱਲ ਰਿਹਾ ਸੀ, ਜਿਸ ਕਾਰਨ ਇਹ ਮੁਹਿੰਮ ਚਲਾਈ ਗਈ ਸੀ। ਟਰੱਸਟ ਨੇ 12 ਦਸੰਬਰ ਨੂੰ ਸੁਪਰੀਮ ਕੋਰਟ ਦੇ ਸਾਹਮਣੇ ਸਟੇਟਸ ਰਿਪੋਰਟ ਵੀ ਪੇਸ਼ ਕੀਤੀ ਸੀ, ਪਰ ਅਸੀਂ ਭਰੋਸਾ ਦਿੰਦੇ ਹਾਂ ਕਿ ਇਸ ਮੁਹਿੰਮ ਵਿੱਚ ਕਿਸੇ ਦਾ ਵੀ ਨੁਕਸਾਨ ਨਹੀਂ ਹੋਵੇਗਾ।

ਇਸ ਮਾਮਲੇ ਵਿੱਚ ਸਾਰੇ ਪ੍ਰਭਾਵਤ ਪਰਵਾਰਾਂ ਨੂੰ ਘਰ ਦਿੱਤੇ ਜਾਣਗੇ ਅਤੇ ਸਨਮਾਨ ਨਾਲ ਮੁੜ-ਵਸੇਬਾ ਕੀਤਾ ਜਾਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਵੀ ਹੁਕਮ ਦਿੱਤੇ ਹਨ ਕਿ ਸਾਰੇ ਪ੍ਰਭਾਵਤ ਗਰੀਬ ਪਰਵਾਰਾਂ ਦਾ ਜਲਦੀ ਤੋਂ ਜਲਦੀ ਪੁਨਰਵਾਸ ਕੀਤਾ ਜਾਵੇ ਅਤੇ ਇਸ ਲਈ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਮੁਹਿੰਮ ਦੌਰਾਨ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਰੇਕ ਪਰਵਾਰ ਨੂੰ ਜਲਦੀ ਹੀ ਇੱਕ ਰਸੋਈ, ਇੱਕ ਬਾਥਰੂਮ ਅਤੇ 2 ਕਮਰੇ ਵਾਲਾ ਮਕਾਨ ਦਿੱਤਾ ਜਾਵੇਗਾ।

## ਚੰਡੀਗੜ੍ਹ ਦੇ ਐੱਸ ਐੱਸ ਪੀ ਲਈ ਪੰਜਾਬ ਨੇ ਤਿੰਨ ਨਾਂਅ ਘੱਲੇ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਚੰਡੀਗੜ੍ਹ ਦੇ ਐੱਸ ਐੱਸ ਪੀ ਦੀ ਪੋਸਟ ਲਈ ਗਵਰਨਰ ਬਨਵਾਰੀ ਲਾਲ ਪੁਰੋਹਿਤ, ਜੋ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ ਹਨ, ਨੂੰ ਤਿੰਨ ਅਫਸਰਾਂ ਦਾ ਪੈਨਲ ਭੇਜ ਦਿੱਤਾ ਗਿਆ ਹੈ। ਇਹ ਜਾਣਕਾਰੀ ਖੁਦ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਤੀ। ਉਨ੍ਹਾ ਕਿਹਾ ਕਿ ਉਨ੍ਹਾ ਦੇ ਗਵਰਨਰ ਨਾਲ ਰਿਸ਼ਤੇ ਠੀਕ ਹਨ। ਪੈਨਲ ਵਿਚ ਮੋਹਾਲੀ ਦੇ ਐੱਸ ਐੱਸ ਪੀ ਸੰਦੀਪ ਗਰਗ, ਡਾ. ਅਖਿਲ ਚੌਧਰੀ ਤੇ ਭਗੀਰਥ ਸਿੰਘ ਮੀਨਾ ਦੇ ਨਾਂਅ ਸ਼ਾਮਲ ਹਨ। ਪ੍ਰਸ਼ਾਸਕ ਨੇ ਕੁਲਦੀਪ ਸਿੰਘ ਚਾਹਲ ਨੂੰ ਹਟਾ ਕੇ ਹਰਿਆਣਾ ਕੇਡਰ ਦੇ ਅਧਿਕਾਰੀ ਨੂੰ ਐੱਸ ਐੱਸ ਪੀ ਲਾਉਣ 'ਤੇ ਪੰਜਾਬ ਨੇ ਇਤਰਾਜ਼ ਕਰਦਿਆਂ ਕਿਹਾ ਸੀ ਕਿ ਐੱਸ ਐੱਸ ਪੀ ਪੰਜਾਬ ਦਾ ਹੀ ਲੱਗਦਾ ਹੈ। ਇਸ 'ਤੇ ਪ੍ਰਸ਼ਾਸਕ ਨੇ ਕਿਹਾ ਸੀ ਕਿ ਪੰਜਾਬ ਤੋਂ ਪੈਨਲ ਮੰਗਿਆ ਸੀ, ਪਰ ਉਸ ਨੇ ਦਿੱਤਾ ਨਹੀਂ। ਪੰਜਾਬ ਸਰਕਾਰ ਦਾ ਕਹਿਣਾ ਸੀ ਕਿ ਪੈਨਲ ਮੁੱਖ ਸਕੱਤਰ ਨੂੰ ਫੋਨ ਕਰਕੇ ਮੰਗਣ ਦੀ ਥਾਂ ਸਿੱਧੀ ਮੁੱਖ ਮੰਤਰੀ ਨੂੰ ਚਿੱਠੀ ਲਿਖ ਕੇ ਮੰਗਿਆ ਜਾਣਾ ਚਾਹੀਦਾ ਸੀ।

# ਤੇਜ਼ਾਬ ਵੇਚਣ ਵਾਲੀਆਂ ਈ-ਕਾਮਰਸ ਕੰਪਨੀਆਂ ਨੂੰ ਨੋਟਿਸ




**ਨਵੀਂ ਦਿੱਲੀ** : ਦਿੱਲੀ 'ਚ ਤੇਜ਼ਾਬ ਹਮਲੇ ਦਾ ਸ਼ਿਕਾਰ ਹੋਈ 17 ਸਾਲਾ ਵਿਦਿਆਰਥਣ ਹਾਲੇ ਵੀ ਸਫਦਰਜੰਗ ਹਸਪਤਾਲ ਦੇ ਬਰਨਜ਼ ਆਈਸੀਯੂ 'ਚ ਦਾਖਲ ਹੈ ਅਤੇ ਹੋਸ਼ ਵਿਚ ਹੈ। ਪੱਛਮੀ ਦਿੱਲੀ ਦੇ ਉੱਤਮ ਨਗਰ 'ਚ ਬੁੱਧਵਾਰ ਸਵੇਰੇ ਮੋਟਰਸਾਈਕਲ 'ਤੇ ਸਵਾਰ ਦੋ ਨਕਾਬਪੋਸ਼ਾਂ ਨੇ ਸਕੂਲ ਜਾ ਰਹੀ ਵਿਦਿਆਰਥਣ 'ਤੇ ਤੇਜ਼ਾਬ ਸੁੱਟ ਦਿੱਤਾ ਸੀ। ਇਸ ਦੌਰਾਨ ਦਿੱਲੀ ਮਹਿਲਾ ਕਮਿਸ਼ਨ ਨੇ ਤੇਜ਼ਾਬ ਹਮਲੇ ਦੇ ਸਬੰਧ 'ਚ ਦੋ ਈ-ਕਾਮਰਸ ਕੰਪਨੀਆਂ ਨੂੰ ਤੇਜ਼ਾਬ ਦੀ ਵਿਕਰੀ ਲਈ ਨੋਟਿਸ ਜਾਰੀ ਕੀਤਾ ਹੈ।

ਪੁਲਸ ਨੇ ਇਸ ਮਾਮਲੇ 'ਚ ਤਿੰਨ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਮੁੱਖ ਮੁਲਜਮ ਵੱਲੋਂ ਈ-ਕਾਮਰਸ ਪੋਰਟਲ ਰਾਹੀਂ ਤੇਜ਼ਾਬ ਖਰੀਦਣ ਦਾ ਮਾਮਲਾ ਸਾਹਮਣੇ ਆਇਆ ਹੈ।

## ਪਾਕਿਸਤਾਨ ਨੂੰ ਉਪਦੇਸ਼ ਦੇਣ ਦਾ ਹੱਕ ਨਹੀਂ : ਜੈਸ਼ੰਕਰ

**ਸੰਯੁਕਤ ਰਾਸ਼ਟਰ** : ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਕਸ਼ਮੀਰ ਮੁੱਦਾ ਉਠਾਉਣ 'ਤੇ ਭਾਰਤ ਨੇ ਪਾਕਿਸਤਾਨ 'ਤੇ ਜਵਾਬੀ ਹਮਲਾ ਕਰਦਿਆਂ ਕਿਹਾ ਕਿ ਜਿਸ ਦੇਸ਼ ਨੇ ਅਲ-ਕਾਇਦਾ ਦੇ ਸਾਬਕਾ ਨੇਤਾ ਓਸਾਮਾ ਬਿਨ ਲਾਦੇਨ ਨੂੰ ਸੁਰੱਖਿਅਤ ਪਨਾਹ ਦਿੱਤੀ ਹੈ ਅਤੇ ਆਪਣੇ ਗੁਆਂਢੀ ਦੇਸ਼ ਦੀ ਸੰਸਦ 'ਤੇ ਹਮਲਾ ਕੀਤਾ, ਉਸ ਨੂੰ ਸੰਯੁਕਤ ਰਾਸ਼ਟਰ ਦੀ ਸ਼ਕਤੀਸਾਲੀ ਸੰਸਥਾ 'ਚ ਉਪਦੇਸ਼ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦੀ ਸਖਤ ਟਿੱਪਣੀ ਪਾਕਿਸਤਾਨ ਦੇ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਵੱਲੋਂ ਬੁੱਧਵਾਰ ਨੂੰ ਕਸ਼ਮੀਰ ਦਾ ਮੁੱਦਾ ਉਠਾਉਣ ਦੇ ਜਵਾਬ ਵਿੱਚ ਆਈ ਹੈ। ਜੈਸ਼ੰਕਰ ਨੇ ਕਿਹਾ ਕਿ ਅਜਿਹਾ ਦੇਸ਼ ਆਪਣੀ ਪੀੜ੍ਹੀ ਹੇਠ ਸੋਟਾ ਫੇਰੇ ਤੇ ਸੱਚ ਤੋਂ ਨਾ ਲੁਕੇ।

# ਕਣਕ ਦਾ ਸਟਾਕ ਘਟੇਗਾ, ਪਰ ਰਾਸ਼ਨ ਲਈ ਚੋਖਾ !



**ਨਵੀਂ ਦਿੱਲੀ** : ਦੇਸ਼ ਦੇ ਸਰਕਾਰੀ ਗੋਦਾਮਾਂ 'ਚ ਕਣਕ ਦਾ ਸਟਾਕ ਮੌਜੂਦਾ ਪੱਧਰ ਤੋਂ ਅਗਲੇ ਮਹੀਨੇ ਦੀ ਸ਼ੁਰੂਆਤ ਤੱਕ ਕਰੀਬ 13 ਫੀਸਦ ਘਟ ਜਾਵੇਗਾ, ਪਰ ਇਹ ਦੇਸ਼ ਦੀਆਂ ਭਲਾਈ ਸਕੀਮਾਂ ਲਈ ਕਾਫੀ ਹੋਵੇਗਾ। ਇਹ ਦਾਅਵਾ ਖਪਤਕਾਰ ਮਾਮਲਿਆਂ ਅਤੇ ਖੁਰਾਕ ਮੰਤਰਾਲੇ ਨੇ ਵੀਰਵਾਰ ਕੀਤਾ।

ਦਸੰਬਰ ਲਈ ਸਰਕਾਰੀ ਗੋਦਾਮਾਂ 'ਚ ਕਣਕ ਦਾ ਸਟਾਕ ਛੇ ਸਾਲਾਂ 'ਚ ਸਭ ਤੋਂ ਹੇਠਲੇ ਪੱਧਰ 'ਤੇ ਆ ਗਿਆ। ਇਹ ਅਜਿਹੇ ਸਮੇਂ ਹੋਇਆ ਹੈ, ਜਦੋਂ ਦੁਨੀਆ ਦੇ ਦੂਜੇ ਸਭ ਤੋਂ ਵੱਡੇ ਕਣਕ ਉਤਪਾਦਕ ਭਾਰਤ ਨੇ ਮਈ 'ਚ ਇਸ ਦੀ ਬਰਾਮਦ 'ਤੇ ਪਾਬੰਦੀ ਲਗਾ ਦਿੱਤੀ ਸੀ। ਜਨਵਰੀ ਤੱਕ ਕਰੀਬ 1.59 ਕਰੋੜ ਟਨ ਕਣਕ ਉਪਲੱਬਧ ਹੋਵੇਗੀ। ਸਰਕਾਰੀ ਬਿਆਨ ਅਨੁਸਾਰ ਇਹ 1.38 ਕਰੋੜ ਟਨ ਦੇ ਬਫਰ ਸਟਾਕ ਤੋਂ ਵੱਧ ਹੈ। ਇਸ ਵੇਲੇ 1.82 ਕਰੋੜ ਟਨ ਕਣਕ ਉਪਲੱਬਧ ਹੈ। ਸਰਕਾਰ ਨੇ ਕਿਹਾ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਕਣਕ ਦੀ ਬਿਜਾਈ 'ਚ ਵਾਧਾ ਹੋਇਆ ਹੈ, ਜਿਸ ਨਾਲ ਅਪਰੈਲ ਤੋਂ ਸ਼ੁਰੂ ਹੋਣ ਵਾਲੇ ਅਗਲੇ ਖਰੀਦ ਸੀਜ਼ਨ 'ਚ ਸਟਾਕ ਵਧ ਜਾਵੇਗਾ।

## ਚੋਰੀ ਦੇ 11 ਵਾਹਨਾਂ ਸਣੇ ਦੋ ਫੜੇ

**ਤਲਵਾੜਾ** : ਹਾਜੀਪੁਰ ਪੁਲਸ ਨੇ ਚੋਰੀ ਦੇ 11 ਮੋਟਰਸਾਈਕਲ ਅਤੇ ਐਕਟਿਵਾ ਸਮੇਤ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਥਾਣਾ ਮੁਖੀ ਅਮਰਜੀਤ ਕੌਰ ਨੇ ਦੱਸਿਆ ਕਿ ਏ ਐੱਸ ਆਈ ਸਤਨਾਮ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਨੇ ਟੀ ਪੁਆਇੰਟ ਹਾਜੀਪੁਰ ਵਿਖੇ ਚੈਕਿੰਗ ਦੌਰਾਨ ਬਲਬੀਰ ਸਿੰਘ ਉਰਫ ਗੋਰਾ ਪਿੰਡ ਗੇਰਾ, ਥਾਣਾ ਹਾਜੀਪੁਰ ਨੂੰ ਰੋਕਿਆ ਤਾਂ ਉਸ ਕੋਲ ਮੋਟਰਸਾਈਕਲ ਚੋਰੀ ਦਾ ਨਿਕਲਿਆ। ਸਖਤੀ ਨਾਲ ਕੀਤੀ ਪੁੱਛ-ਪੜਤਾਲ ਦੌਰਾਨ ਉਸ ਨੇ ਦੱਸਿਆ ਕਿ ਉਹ ਅਤੇ ਉਸ ਦਾ ਸਾਥੀ ਗੁਰਦੀਪ ਸਿੰਘ ਉਰਫ ਗੁਰੀ ਵਾਸੀ ਸਲੇਮਪੁਰ, ਗੁਰਦਾਸਪੁਰ ਆਮ ਕਰਕੇ ਚੰਡੀਗੜ੍ਹ ਤੇ ਮੁਹਾਲੀ ਤੋਂ ਦੋ ਪਹੀਆ ਵਾਹਨ ਚੋਰੀ ਕਰਕੇ ਵੇਚਦੇ ਸਨ। ਪੁਲਸ ਨੇ ਉਨ੍ਹਾਂ ਦੇ ਕਬਜ਼ੇ ਵਿਚੋਂ ਚੋਰੀ ਕੀਤੇ 11 ਮੋਟਰਸਾਈਕਲ ਅਤੇ ਐਕਟਿਵ ਬਰਾਮਦ ਕੀਤੀ ਹੈ।

## ਜਲੰਧਰ ਦੀ ਘਟਨਾ ਸੰਬੰਧੀ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਅੱਜ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਜਲੰਧਰ ਵਿਖੇ ਕੁਰਸੀਆਂ ਸਾੜਨ ਦੇ ਮਾਮਲੇ 'ਤੇ 16 ਦਸੰਬਰ ਨੂੰ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਸੱਦੀ ਹੈ। ਬੁੱਧਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਦੁਆਰਾ ਸਾਹਿਬ ਵਿਖੇ ਪੁੱਜ ਕੇ ਪ੍ਰਬੰਧਕਾਂ ਅਤੇ ਸੰਗਤਾਂ ਨਾਲ ਬੈਠਕ ਕੀਤੀ ਸੀ, ਜਿਸ ਮਗਰੋਂ ਇਹ ਇਕੱਤਰਤਾ ਬੁਲਾਈ ਗਈ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਦੇ ਓ ਐੱਸ ਡੀ ਸਤਬੀਰ ਸਿੰਘ ਨੇ ਦੱਸਿਆ ਕਿ ਵਿਸ਼ੇਸ਼ ਤੌਰ 'ਤੇ ਬੁਲਾਈ ਗਈ ਧਰਮ ਪ੍ਰਚਾਰ ਕਮੇਟੀ ਦੀ ਇਹ ਇਕੱਤਰਤਾ ਗੁਰਦੁਆਰਾ ਭੱਠਾ ਸਾਹਿਬ ਰੋਪੜ ਵਿਖੇ ਹੋਵੇਗੀ। ਉਨ੍ਹਾ ਦੱਸਿਆ ਕਿ ਜਲੰਧਰ ਦੇ ਗੁਰਦੁਆਰਾ ਸਾਹਿਬ ਵਿਖੇ ਵਾਪਰੀ ਘਟਨਾ ਦੇ ਸੰਦਰਭ ਵਿਚ ਇਸ ਇਕੱਤਰਤਾ ਦੌਰਾਨ ਵਿਚਾਰ-ਵਟਾਂਦਰਾ ਕਰਕੇ ਨਿਰਣਾ ਲਿਆ ਜਾਵੇਗਾ, ਤਾਂ ਜੋ ਭਵਿੱਖ ਵਿਚ ਕੌਮ ਅੰਦਰ ਅਜਿਹੀ ਆਪਸੀ ਵਾਦ-ਵਿਵਾਦ ਵਾਲੀ ਸਥਿਤੀ ਨਾ ਬਣੇ।

## ਵੈਟ ਘਟੇਗਾ ਤਾਂ ਪੈਟਰੋਲ-ਡੀਜ਼ਲ ਸਸਤੇ ਹੋ ਜਾਣਗੇ : ਪੁਰੀ

**ਨਵੀਂ ਦਿੱਲੀ** : ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਪੁਰੀ ਨੇ ਵੀਰਵਾਰ ਲੋਕ ਸਭਾ ਵਿਚ ਕਿਹਾ ਕਿ ਭਾਰਤ ਵਿਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਸ਼ਵ ਪੱਧਰ ਦੇ ਮੁਕਾਬਲੇ ਘੱਟ ਹਨ ਅਤੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਆਪਣੀਆਂ ਪਾਰਟੀਆਂ ਦੇ ਸ਼ਾਸਨ ਵਾਲੇ ਰਾਜਾਂ ਦੀਆਂ ਸਰਕਾਰਾਂ ਨੂੰ ਵੈਟ ਘਟਾਉਣ ਲਈ ਕਹਿਣਾ ਚਾਹੀਦਾ ਹੈ। ਇਸ ਨਾਲ ਕੀਮਤਾਂ ਹੇਠਾਂ ਆ ਸਕਦੀਆਂ ਹਨ। ਪ੍ਰਸ਼ਨਕਾਲ ਦੌਰਾਨ ਉਨ੍ਹਾ ਕਿਹਾ ਕਿ ਪੱਛਮੀ ਬੰਗਾਲ ਸਮੇਤ ਛੇ ਰਾਜਾਂ ਨੇ ਪੈਟਰੋਲ ਅਤੇ ਡੀਜ਼ਲ 'ਤੇ ਵੈਟ ਨਹੀਂ ਘਟਾਇਆ, ਜਦਕਿ ਭਾਜਪਾ ਸ਼ਾਸਤ ਕਈ ਰਾਜਾਂ ਅਤੇ ਕੁਝ ਹੋਰ ਰਾਜਾਂ ਨੇ ਇਸ ਨੂੰ ਘਟਾ ਦਿੱਤਾ ਹੈ।

# ਮੋਦੀ ਸਰਕਾਰ ਦੀਆਂ ਫਾਸ਼ੀ ਨੀਤੀਆਂ ਖਿਲਾਫ 29 ਨੂੰ ਪੰਜਾਬ ਪੱਧਰੀ ਕਨਵੈਨਸ਼ਨ

**ਜਲੰਧਰ** : ਮੋਦੀ ਸਰਕਾਰ ਦੀ ਫਾਸ਼ੀਵਾਦੀ ਤੇ ਲੋਕ-ਵਿਰੋਧੀ ਨੀਤੀ ਨੂੰ ਸਾਹਮਣੇ ਰੱਖਦੇ ਹੋਏ ਅੱਠ ਖੱਬੇ ਪੱਖੀ ਪਾਰਟੀਆਂ ਤੇ ਜਨਤਕ ਜਥੇਬੰਦੀਆਂ ਵੱਲੋਂ ਉਸਾਰੇ ਫਾਸ਼ੀ ਹਮਲੇ ਵਿਰੋਧੀ ਫਰੰਟ ਵੱਲੋਂ ਪੰਜਾਬ ਪੱਧਰ ਦੀ ਕਨਵੈਨਸ਼ਨ 29 ਦਸੰਬਰ ਨੂੰ ਗਦਰੀਆਂ ਦੇ ਇਤਿਹਾਸਕ ਸਥਾਨ ਦੇਸ਼ ਭਗਤ ਯਾਦਗਾਰ ਕੰਪਲੈਕਸ ਜਲੰਧਰ ਵਿਖੇ ਭਾਈ ਜਵਾਲਾ ਸਿੰਘ ਹਾਲ ਵਿੱਚ ਕੀਤੀ ਜਾ ਰਹੀ ਹੈ। ਸੀ ਪੀ ਆਈ ਪੰਜਾਬ ਤੇ ਚੰਡੀਗੜ੍ਹ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਇਸ ਵਕਤ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਦੇਸ਼ ਦੇ ਆਵਾਮ ਨੂੰ ਫਾਸ਼ੀਵਾਦੀ ਰੰਗ ਵਿੱਚ ਰੰਗ ਰਹੀ ਹੈ। ਲੋਕ ਅੰਤਾਂ ਦੀ ਮਹਿੰਗਾਈ ਦੀ ਚੱਕੀ ਵਿੱਚ ਪੀਸੇ ਜਾ ਰਹੇ ਹਨ, ਪਰ ਮੋਦੀ ਸਰਕਾਰ ਲੋਕਾਂ ਦਾ ਧਿਆਨ ਮਹਿੰਗਾਈ ਵਾਲੇ ਪਾਸੇ ਤੋਂ ਹਟਾ ਕੇ ਫਿਰਕੂ ਫਸਾਦਾਂ ਵਾਲੇ ਪਾਸੇ ਲਾ ਰਹੀ ਹੈ।

ਮੋਦੀ ਦੀ ਫਿਰਕੂ ਨੀਤੀ ਕਰਕੇ ਦੇਸ਼ ਵਿੱਚ ਘੱਟ ਗਿਣਤੀ ਵਸੋਂ 'ਤੇ ਆਰ ਐੱਸ ਐੱਸ ਦੇ ਗੁੰਡੇ ਤਸ਼ੱਦਦ ਢਾਹ ਰਹੇ ਹਨ। ਉਹ ਲੋਕ ਸਹਿਮੇ ਹੋਏ ਆਪਣਾ ਜੀਵਨ ਗੁਜ਼ਾਰ ਰਹੇ ਹਨ, ਉਨ੍ਹਾਂ ਨੂੰ ਆਪਣੀ ਜੱਦੀ-ਪੁਰਸ਼ੀ ਭੂਮੀ ਬਿਗਾਨੀ ਲੱਗ ਰਹੀ ਹੈ। ਪਹਿਲਾਂ ਜੰਮੂ-ਕਸ਼ਮੀਰ ਦੀ 370 ਧਾਰਾ ਤੋੜ ਕੇ ਉਸ ਦੇ ਦੋ ਟੋਟੇ ਕੀਤੀ ਗਏ, ਘੱਟ ਗਿਣਤੀਆਂ ਨੂੰ ਦੇਸ਼ 'ਚੋਂ ਜਬਰਨ ਕੱਢਣ ਲਈ ਐੱਨ ਸੀ ਆਰ ਵਰਗੇ ਤਿੰਨ ਘਾਤਕ ਕਾਨੂੰਨ ਲਿਆਂਦੇ ਗਏ, ਹਿੰਦੁਸਤਾਨ ਦੇ ਬਾਰਡਰ ਤੋਂ ਦੇਸ਼ ਦੇ ਅੰਦਰ ਵੱਲ 50 ਕਿਲੋਮੀਟਰ ਤੱਕ ਦੇ ਅਧਿਕਾਰ ਬੀ ਐੱਸ ਐੱਫ ਨੂੰ ਦੇਣੇ, ਚੰਡੀਗੜ੍ਹ 'ਚੋਂ ਪੰਜਾਬ ਦੇ ਮੁਲਾਜ਼ਮਾਂ ਦੇ ਅਧਿਕਾਰ ਖੋਹਣੇ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਤੇ ਕਬਜ਼ਾ ਕਰਨ ਵਾਲੇ ਪਾਸੇ ਵਧਣਾ, ਹਰਿਆਣਾ ਨੂੰ ਚੰਡੀਗੜ੍ਹ ਵਿੱਚ ਰਾਜਧਾਨੀ ਬਣਾਉਣ ਲਈ ਥਾਂ ਦੇਣਾ ਅਤੇ ਭਾਖੜਾ-ਬਿਆਸ ਪ੍ਰੋਜੈਕਟ ਵਿਚੋਂ ਪੰਜਾਬ ਦੇ ਮੁਲਾਜ਼ਮਾਂ ਦਾ ਅਧਿਕਾਰ ਖਤਮ ਕਰਨਾ, ਮੋਦੀ ਦੀ ਇਹ ਨੀਤੀ ਜਿਥੇ ਪੰਜਾਬ ਲਈ ਘਾਤਕ ਹੈ, ਉਥੇ ਦੇਸ਼ ਵਿੱਚ ਪਾੜਾ ਪਾਊ ਵੀ ਹੈ। ਇਹਨਾਂ ਪਾੜਾ-ਪਾਊ ਤੇ ਲੋਕ-ਵਿਰੋਧੀ ਫੈਸਲਿਆਂ ਵਿਰੁੱਧ ਪੰਜਾਬ ਦੀਆਂ ਖੱਬੀਆਂ ਪਾਰਟੀਆਂ ਵੱਲੋਂ ਇਹ ਕਨਵੈਨਸ਼ਨ ਹੋ ਰਹੀ ਹੈ। ਇਸ ਲਈ ਪਾਰਟੀ ਸਾਥੀ ਤੇ ਹਮਦਰਦ ਹੁੰਮ-ਹੁਮਾ ਕੇ ਪਹੁੰਚਣ।

## ਡਾਕਟਰ ਬੀਬੀ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾਉਂਦੀ ਰਹੀ

**ਮੁੰਬਈ** : ਗਾਇਨੀਕੋਲੋਜਿਸਟ ਡਾ. ਅਨਾਹਿਤਾ ਪੰਡੋਲੇ, ਜਿਸ ਖਿਲਾਫ ਉਦਯੋਗਪਤੀ ਸਾਇਰਸ ਮਿਸਤਰੀ ਦੀ ਕਾਰ ਹਾਦਸੇ 'ਚ ਮੌਤ ਮਾਮਲੇ 'ਚ ਕੇਸ ਦਰਜ ਕੀਤਾ ਗਿਆ ਹੈ, ਦਾ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਦਾ ਇਤਿਹਾਸ ਰਿਹਾ ਹੈ। ਉਸ ਦੇ ਸਾਲ 2020 ਤੋਂ ਕਈ ਵਾਰ ਓਵਰ ਸਪੀਡਿੰਗ ਲਈ ਚਲਾਨ ਕੱਟੇ ਜਾ ਚੁੱਕੇ ਹਨ। ਇਸ ਸਾਲ 4 ਸਤੰਬਰ ਨੂੰ ਪਾਲਘਰ ਜ਼ਿਲ੍ਹੇ 'ਚ ਸੂਰਿਆ ਨਦੀ ਦੇ ਪੁਲ 'ਤੇ ਮਰਸਡੀਜ਼-ਬੈਂਜ ਕਾਰ ਦੇ ਰੇਲਿੰਗ ਨਾਲ ਟਕਰਾਉਣ ਕਾਰਨ ਟਾਟਾ ਗਰੁੱਪ ਦੇ ਸਾਬਕਾ ਚੇਅਰਮੈਨ ਮਿਸਤਰੀ (54) ਅਤੇ ਉਸ ਦੇ ਦੋਸਤ ਜਹਾਂਗੀਰ ਪੰਡੋਲੇ ਦੀ ਮੌਤ ਹੋ ਗਈ ਸੀ। ਇਸ ਹਾਦਸੇ 'ਚ ਡਾਕਟਰ ਅਨਾਹਿਤਾ ਅਤੇ ਉਸ ਦੇ ਪਤੀ ਨੂੰ ਗੰਭੀਰ ਸੱਟਾਂ ਲੱਗੀਆਂ। ਇਹ ਸਾਰੇ ਅਹਿਮਦਾਬਾਦ ਤੋਂ ਮੁੰਬਈ ਪਰਤ ਰਹੇ ਸਨ। ਪੁਲਸ ਅਧਿਕਾਰੀ ਨੇ ਦੱਸਿਆ ਕਿ ਪੜਤਾਲ ਦੌਰਾਨ ਪਤਾ ਲੱਗਾ ਹੈ ਕਿ ਇਹ ਕਾਰ ਪਿਛਲੇ ਸਮੇਂ ਦੌਰਾਨ ਟ੍ਰੈਫਿਕ ਨਾਲ ਸੰਬੰਧਤ ਵੱਖ-ਵੱਖ ਨਿਯਮਾਂ ਦੀ ਉਲੰਘਣਾ 'ਚ ਸ਼ਾਮਲ ਸੀ।

## ਅੱਜ-ਨਾਮਾ

ਅਮਰਿੰਦਰ ਅੱਜ ਸੀ ਮੋਦੀ ਨੂੰ ਮਿਲਣ ਪੁੱਜਾ,
ਪੰਜਾਬ ਦੀ ਸੁਣੀ ਕੋਈ ਕਰੀ ਵਿਚਾਰ ਭਾਈ।
ਆਖਿਆ ਹੋਊਗਾ ਲਾਈ ਜਾਉ ਗੇਅਰ ਏਦਾਂ,
ਏਸੇ ਤਰ੍ਹਾਂ ਕਰੀ ਜਾਇਓ ਮਾਰੋ ਮਾਰ ਭਾਈ।
ਇੱਕ-ਇੱਕ ਰਾਜ ਸਭ ਜਿੱਤਦੇ ਜਾਉ ਭਾਈ,
ਕੋਈ ਵੀ ਆਕੀ ਨਹੀਂ ਰਹੇ ਸਰਕਾਰ ਭਾਈ।
ਵਿਹਲੇ ਬੈਠਿਆਂ ਲੰਘ ਰਿਹਾ ਵਕਤ ਹੈ ਨਹੀਂ,
ਰਾਜਿਆਂ ਜਿਹਾ ਕੁਝ ਦਿਉ ਅਧਿਕਾਰ ਭਾਈ।
ਪਹਿਲੀ ਕੌੜ ਕੋਈ ਰਹਿੰਦੀ ਹੈ ਦਿਲ ਅੰਦਰ,
ਉਹ ਸਭ ਕੱਢ ਕੇ ਬਾਹਰ ਦਿਉ ਸੁੱਟ ਭਾਈ।
ਯਾਰੀ ਯਾਰਾਂ ਦੀ ਪਰਖ ਲਿਉ ਨਵੇਂ ਸਿਰਿਉਂ,
ਮਿਲਿਆ ਮੌਕਾ ਤਾਂ ਧੂੜਾਂ ਦੇਊਂ ਪੁੱਟ ਭਾਈ।

-ਤੀਸ ਮਾਰ ਖਾਂ

# ਮੁੱਖ ਮੰਤਰੀ ਵੱਲੋਂ ਸੂਬੇ 'ਚ ਹਾਕੀ ਦੀ ਪੁਰਾਤਨ ਸ਼ਾਨ ਬਹਾਲ ਕਰਨ ਦਾ ਅਹਿਦ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਵਿਚ ਖੇਡਾਂ ਨੂੰ ਪ੍ਰਫੁੱਲਤ ਕਰਕੇ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਆਪਣੀ ਸਰਦਾਰੀ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਪ੍ਰਣ ਕੀਤਾ ਕਿ ਹਾਕੀ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।




ਮੁੱਖ ਮੰਤਰੀ ਨੇ ਅੱਜ ਇੱਥੇ ਆਪਣੀ ਰਿਹਾਇਸ਼ ਉਤੇ ਪੁਰਸ਼ਾਂ ਦੇ ਹਾਕੀ ਵਿਸ਼ਵ ਕੱਪ ਦੀ ਟਰਾਫੀ ਦਾ ਸਵਾਗਤ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਨੇ ਹਾਕੀ ਦੇ ਮੈਦਾਨ ਵਿਚ ਹਮੇਸ਼ਾ ਹੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਦੁਨੀਆ ਭਰ ਵਿਚ ਸੂਬੇ ਦਾ ਨਾਂਅ ਰੌਸ਼ਨ ਕੀਤਾ। ਉਨ੍ਹਾ ਕਿਹਾ ਕਿ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਭਾਰਤੀ ਹਾਕੀ ਟੀਮ ਨੇ ਪਿਛਲੇ ਸਾਲ ਟੋਕੀਓ ਵਿਖੇ ਹੋਈਆਂ ਓਲੰਪਿਕ ਖੇਡਾਂ ਵਿਚ 41 ਸਾਲਾਂ ਬਾਅਦ ਓਲੰਪਿਕ ਵਿਚ ਤਮਗਾ ਜਿੱਤਿਆ ਅਤੇ ਇਸ ਟੀਮ ਵਿਚ ਜੇਤੂ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ ਸਮੇਤ 11 ਖਿਡਾਰੀ ਸੂਬੇ ਨਾਲ ਸੰਬੰਧਤ ਸਨ। 1975 ਵਿੱਚ ਇਕਲੌਤਾ ਵਿਸ਼ਵ ਕੱਪ ਜਿੱਤਣ ਵਾਲੀ ਭਾਰਤੀ ਟੀਮ ਦੀ ਕਪਤਾਨੀ ਵੀ ਪੰਜਾਬ ਦੇ ਅਜੀਤਪਾਲ ਸਿੰਘ ਕੋਲ ਸੀ। ਅਗਲੇ ਮਹੀਨੇ ਭਾਰਤ ਦੀ ਮੇਜ਼ਬਾਨੀ ਵਿੱਚ ਹੋਣ ਵਾਲੇ ਵਿਸ਼ਵ ਕੱਪ ਦੀ ਟੀਮ ਦੇ ਕੈਂਪ ਵਿੱਚ ਵੀ ਅੱਧੇ ਤੋਂ ਵੱਧ ਖਿਡਾਰੀ ਪੰਜਾਬ ਦੇ ਹਨ। ਭਗਵੰਤ ਮਾਨ ਨੇ ਕਿਹਾ ਕਿ ਇਸ ਜੇਤੂ ਸਫਰ ਨੂੰ ਜਾਰੀ ਰੱਖਣ ਦੀ ਲੋੜ ਹੈ ਤਾਂ ਕਿ ਭਵਿੱਖ ਵਿਚ ਹੋਰ ਮੈਡਲ ਦੇਸ਼ ਦੀ ਝੋਲੀ ਪਾਏ ਜਾ ਸਕਣ।

ਮੁੱਖ ਮੰਤਰੀ ਨੇ ਦੁੱਖ ਜ਼ਾਹਰ ਕੀਤਾ ਕਿ ਪਿਛਲੀਆਂ ਸਰਕਾਰਾਂ ਦੇ ਅਵੇਸਲੇਪਣ ਨਾਲ ਹਾਕੀ ਸਾਡੀ ਕੌਮੀ ਖੇਡ ਹੋਣ ਦੇ ਬਾਵਜੂਦ ਖੇਡ ਮੈਦਾਨ ਵਿਚ ਪੱਛੜਦੀ ਰਹੀ। ਉਨ੍ਹਾ ਕਿਹਾ ਕਿ ਹੁਣ ਸੂਬਾ ਸਰਕਾਰ ਖੇਡਾਂ ਦੇ ਖੇਤਰ ਵਿਚ ਹਾਕੀ ਨੂੰ ਬਣਦਾ ਰੁਤਬਾ ਦਿਵਾਏਗੀ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਇਸ ਸੰਬੰਧ ਵਿਚ ਵੱਡੇ ਕਦਮ ਚੁੱਕੇ ਜਾ ਰਹੇ ਹਨ ਤਾਂ ਕਿ ਖੇਡਾਂ ਖਾਸ ਕਰਕੇ ਹਾਕੀ ਨੂੰ ਪ੍ਰਫੁੱਲਤ ਕਰਕੇ ਨਸ਼ਿਆਂ ਵਰਗੀ ਅਲਾਮਤ ਦਾ ਖਾਤਮਾ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਹਾਕੀ ਦੀ ਸੁਰਜੀਤੀ ਲਈ ਹੋਰ ਵਸੀਲੇ ਜੁਟਾਏ ਜਾਣਗੇ। ਉਨ੍ਹਾ ਕਿਹਾ ਕਿ ਨੌਜਵਾਨਾਂ ਦੀ ਅਥਾਹ ਸਮਰੱਥਾ ਨੂੰ ਖੇਡਾਂ ਦੇ ਖੇਤਰ ਵੱਲ ਲਾਉਣ ਲਈ ਹਰੇਕ ਯਤਨ ਕੀਤਾ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਹਰੇਕ ਪੰਜਾਬੀ ਦੇ ਸੁਹਿਰਦ ਯਤਨਾਂ ਨਾਲ ਹਾਕੀ ਸੁਰਜੀਤੀ ਦੇ ਰਾਹ ਪੈ ਜਾਵੇਗੀ।

## ਸੁਖਬੀਰ ਵੱਲੋਂ ਇਆਲੀ, ਛੋਟੇਪੁਰ ਤੇ ਕੈਰੋਂ ਸਣੇ 29 ਹੋਰ ਅਹੁਦੇਦਾਰਾਂ ਦਾ ਐਲਾਨ



**ਚੰਡੀਗੜ੍ਹ** : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਥੇਬੰਦੀ ਦਾ ਹੋਰ ਵਿਸਥਾਰ ਕਰਦਿਆਂ ਵੀਰਵਾਰ 10 ਸੀਨੀਅਰ ਆਗੂਆਂ ਨੂੰ ਪਾਰਟੀ ਪ੍ਰਧਾਨ ਦੇ ਸਲਾਹਕਾਰ ਬੋਰਡ ਦਾ ਮੈਂਬਰ ਅਤੇ 19 ਸੀਨੀਅਰ ਆਗੂਆਂ ਨੂੰ ਪਾਰਟੀ ਦਾ ਸੀਨੀਅਰ ਮੀਤ ਪ੍ਰਧਾਨ ਬਣਾਉਣ ਦਾ ਐਲਾਨ ਕੀਤਾ। ਸਲਾਹਕਾਰ ਬੋਰਡ ਵਿਚ ਗੋਬਿੰਦ ਸਿੰਘ ਲੌਂਗੋਵਾਲ, ਸੁੱਚਾ ਸਿੰਘ ਛੋਟੇਪੁਰ, ਭਾਈ ਮਨਜੀਤ ਸਿੰਘ, ਅਲਵਿੰਦਰਪਾਲ ਸਿੰਘ ਪੱਖੋਕੇ, ਕੈਪਟਨ ਬਲਬੀਰ ਸਿੰਘ ਬਾਠ, ਮਹਿੰਦਰ ਸਿੰਘ ਹੁਸੈਨਪੁਰ, ਉਜਾਗਰ ਸਿੰਘ ਬਡਾਲੀ, ਬਲਬੀਰ ਸਿੰਘ ਮਿਆਣੀ, ਹਰਚਰਨ ਸਿੰਘ ਗੋਹਲਵੜੀਆ ਅਤੇ ਭਾਈ ਰਾਮ ਸਿੰਘ ਸ਼ਾਮਲ ਕੀਤੇ ਗਏ ਹਨ। ਸੀਨੀਅਰ ਮੀਤ ਪ੍ਰਧਾਨ ਆਦੇਸ਼ਪ੍ਰਤਾਪ ਸਿੰਘ ਕੈਰੋਂ, ਜੀਤਮਹਿੰਦਰ ਸਿੰਘ ਸਿੱਧੂ, ਮਨਪ੍ਰੀਤ ਸਿੰਘ ਇਆਲੀ, ਸੋਹਣ ਸਿੰਘ ਠੰਡਲ, ਹਰਮੀਤ ਸਿੰਘ ਸੰਧੂ, ਮਨਤਾਰ ਸਿੰਘ ਬਰਾੜ, ਜਗਬੀਰ ਸਿੰਘ ਬਰਾੜ, ਗਗਨਜੀਤ ਸਿੰਘ ਬਰਨਾਲਾ, ਬੀਬੀ ਸਤਵਿੰਦਰ ਕੌਰ ਧਾਲੀਵਾਲ, ਸੁਰਿੰਦਰ ਸਿੰਘ ਭੁਲੇਵਾਲ ਰਾਠਾਂ, ਹਰਪ੍ਰੀਤ ਸਿੰਘ ਕੋਟਭਾਈ, ਹਰੀਸ਼ ਰਾਏ ਢਾਂਡਾ, ਮਹਿੰਦਰ ਕੁਮਾਰ ਰਿਣਵਾ, ਹੰਸ ਰਾਜ ਜੋਸਨ, ਐੱਸ ਆਰ ਕਲੇਰ, ਹਰਪ੍ਰੀਤ ਕੌਰ ਮੁਖਮੈਲਪੁਰ, ਦਰਸ਼ਨ ਸਿੰਘ ਸ਼ਿਵਾਲਿਕ, ਗੁਰਦੇਵ ਕੌਰ ਸੰਘਾ ਅਤੇ ਹਰਭਜਨ ਸਿੰਘ ਡੰਗ ਬਣਾਏ ਗਏ ਹਨ।

ਨਵਾਂ ਜ਼ਮਾਨਾ
ਸ਼ੁੱਕਰਵਾਰ, 16 ਦਸੰਬਰ 2022

# ਮੋਦੀ ਰਾਜ ਦੌਰਾਨ ਇਸ਼ਤਿਹਾਰਾਂ 'ਤੇ ਅਥਾਹ ਖ਼ਰਚ

*ਪਿਛਲੇ ਮਹੀਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਲਈ ਰਿਹਾਇਸ਼ੀ ਘਰਾਂ ਦਾ ਉਦਘਾਟਨ ਕਰਦਿਆਂ ਕਿਹਾ ਸੀ ਕਿ ਉਨ੍ਹਾ ਦੀ ਸਰਕਾਰ ਨੇ ਰਾਜਧਾਨੀ ਦਿੱਲੀ ਦੇ ਵਿਕਾਸ ਲਈ ਕਰੋੜਾਂ ਰੁਪਏ ਖ਼ਰਚ ਕੀਤੇ ਹਨ, ਪ੍ਰੰਤੂ ਇਨ੍ਹਾਂ ਦਾ ਪ੍ਰਚਾਰ-ਪ੍ਰਸਾਰ ਕਰਨ ਲਈ ਇਸ਼ਤਿਹਾਰਾਂ ਦਾ ਸਹਾਰਾ ਨਹੀਂ ਲਿਆ। ਇਸ਼ਤਿਹਾਰਾਂ 'ਚ ਮੇਰੀ ਤਸਵੀਰ ਚਮਕ ਸਕਦੀ ਸੀ, ਪ੍ਰੰਤੂ ਸਾਡੀ ਸਰਕਾਰ ਲੋਕਾਂ ਦੀ ਜ਼ਿੰਦਗੀ ਨੂੰ ਬੇਹਤਰ ਬਣਾਉਣ 'ਚ ਯਕੀਨ ਰੱਖਦੀ ਹੈ। ਅਸਲ 'ਚ ਪ੍ਰਧਾਨ ਮੰਤਰੀ ਇਨ੍ਹਾਂ ਸ਼ਬਦਾਂ ਰਾਹੀਂ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮੁੱਖ ਮੰਤਰੀ ਕੇਜਰੀਵਾਲ ਦੀਆਂ ਤਸਵੀਰਾਂ ਵਾਲੇ ਇਸ਼ਤਿਹਾਰ ਛਾਪੇ ਜਾਣ ਉੱਤੇ ਨਿਸ਼ਾਨਾ ਲਾ ਰਹੇ ਸਨ।*

*ਇਸ ਤੋਂ ਇੱਕ ਮਹੀਨੇ ਬਾਅਦ ਹੀ ਪ੍ਰਧਾਨ ਮੰਤਰੀ ਵੱਲੋਂ ਬੋਲਿਆ ਗਿਆ ਝੂਠ ਬੇਪਰਦ ਹੋ ਗਿਆ ਹੈ। ਚੱਲ ਰਹੇ ਲੋਕ ਸਭਾ ਦੇ ਅਜਲਾਸ ਦੌਰਾਨ 13 ਦਸੰਬਰ ਨੂੰ ਸਾਂਸਦ ਐਮ. ਸੇਲਵਰਾਜ ਨੇ ਇੱਕ ਸਵਾਲ ਰਾਹੀਂ 2014 ਤੋਂ ਹੁਣ ਤੱਕ ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਮੀਡੀਆ ਸੰਸਥਾਨ ਨੂੰ ਦਿੱਤੇ ਗਏ ਇਸ਼ਤਿਹਾਰਾਂ ਦੀ ਜਾਣਕਾਰੀ ਮੰਗੀ ਸੀ। ਇਸ ਦੇ ਜਵਾਬ 'ਚ ਕੇਂਦਰ ਸਰਕਾਰ ਵੱਲੋਂ ਕਿਹਾ ਗਿਆ ਕਿ 2014 ਤੋਂ 7 ਦਸੰਬਰ 2022 ਤੱਕ ਇਸ਼ਤਿਹਾਰਾਂ 'ਤੇ 6491 ਕਰੋੜ ਰੁਪਏ ਖ਼ਰਚ ਕੀਤੇ ਗਏ। ਇਨ੍ਹਾਂ 'ਚੋਂ ਪ੍ਰਿੰਟ ਮੀਡੀਆ ਨੂੰ 3230 ਕਰੋੜ ਰੁਪਏ ਤੇ ਟੈਲੀਵਿਜ਼ਨ ਚੈਨਲਾਂ ਨੂੰ 3260 ਕਰੋੜ 79 ਲੱਖ ਰੁਪਏ ਦੇ ਇਸ਼ਤਿਹਾਰ ਦਿੱਤੇ ਗਏ। ਇਨ੍ਹਾਂ ਅੰਕੜਿਆਂ ਮੁਤਾਬਕ ਮੋਦੀ ਸਰਕਾਰ ਨੇ ਹਰ ਮਹੀਨੇ 62 ਕਰੋੜ ਰੁਪਏ ਯਾਨੀ ਰੋਜ਼ਾਨਾ 2 ਕਰੋੜ ਰੁਪਏ ਤੋਂ ਵੱਧ ਦਾ ਖ਼ਰਚਾ ਇਸ਼ਤਿਹਾਰ ਦੇਣ ਉਤੇ ਕੀਤਾ ਸੀ। ਇਸ ਤੋਂ ਪਹਿਲਾਂ ਮਨਮੋਹਨ ਸਿੰਘ ਦੀ ਸਰਕਾਰ ਨੇ ਆਪਣੇ 10 ਸਾਲ ਦੇ ਕਾਰਜਕਾਲ ਦੌਰਾਨ 3582 ਕਰੋੜ ਰੁਪਏ ਇਸ਼ਤਿਹਾਰਾਂ 'ਤੇ ਖਰਚ ਕੀਤੇ ਸਨ। ਇਸ ਹਿਸਾਬ ਨਾਲ ਮੋਦੀ ਸਰਕਾਰ ਅੱਠ ਸਾਲਾਂ 'ਚ ਹੀ ਮਨਮੋਹਨ ਸਿੰਘ ਸਰਕਾਰ ਨਾਲੋਂ ਇਸ਼ਤਿਹਾਰਾਂ ਉੱਤੇ ਦੁੱਗਣੇ ਦੇ ਕਰੀਬ ਖ਼ਰਚਾ ਕਰ ਚੁੱਕੀ ਹੈ।*

*ਜੇਕਰ ਸਾਲ-ਦਰ-ਸਾਲ ਦੀ ਗੱਲ ਕੀਤੀ ਜਾਵੇ ਤਾਂ ਮੋਦੀ ਸਰਕਾਰ ਨੇ ਪ੍ਰਿੰਟ ਮੀਡੀਆ ਨੂੰ 2014-15 ਵਿੱਤੀ ਵਰ੍ਹੇ ਦੌਰਾਨ 424.84 ਕਰੋੜ ਰੁਪਏ, 15-16 'ਚ 508.22 ਕਰੋੜ, 16-17 'ਚ 468.53 ਕਰੋੜ, 17-18 'ਚ 636.09 ਕਰੋੜ, 18-19 'ਚ 429.55 ਕਰੋੜ, 19-20 'ਚ 295.05 ਕਰੋੜ, 20-21 'ਚ 197.49 ਕਰੋੜ, 21-22 'ਚ 179.04 ਕਰੋੜ ਤੇ 22-23 (7 ਦਸੰਬਰ ਤੱਕ) ਵਿੱਚ 91.96 ਕਰੋੜ ਰੁਪਏ ਦੇ ਇਸ਼ਤਿਹਾਰ ਦਿੱਤੇ। ਇਲੈਕਟ੍ਰਾਨਿਕ ਮੀਡੀਆ ਨੂੰ ਦਿੱਤੇ ਗਏ ਇਸ਼ਤਿਹਾਰਾਂ ਦਾ ਵੀ ਇਹੋ ਪੈਟਰਨ ਰਿਹਾ ਹੈ। ਇਨ੍ਹਾਂ 'ਚ ਸਭ ਤੋਂ ਵੱਧ 2016-17 ਵਿੱਤੀ ਵਰ੍ਹੇ ਦੌਰਾਨ 609.15 ਕਰੋੜ ਰੁਪਏ ਤੇ ਸਭ ਤੋਂ ਘੱਟ 21-22 'ਚ 101.24 ਕਰੋੜ ਰੁਪਏ ਦੇ ਇਸ਼ਤਿਹਾਰ ਦਿੱਤੇ ਗਏ ਸਨ। ਚਾਲੂ ਵਿੱਤੀ ਸਾਲ ਦੇ ਹਾਲੇ ਸਾਢੇ ਤਿੰਨ ਮਹੀਨੇ ਬਾਕੀ ਹਨ, ਪਰ ਹੁਣ ਤੱਕ 76.84 ਕਰੋੜ ਦੇ ਇਸ਼ਤਿਹਾਰ ਦਿੱਤੇ ਜਾ ਚੁੱਕੇ ਹਨ। ਉੱਪਰਲੇ ਅੰਕੜਿਆਂ ਨੂੰ ਦੇਖਿਆ ਜਾਵੇ ਤਾਂ 20-21 ਵਿੱਤੀ ਵਰ੍ਹੇ ਤੋਂ ਇਸ਼ਤਿਹਾਰਾਂ ਉੱਤੇ ਕੀਤੇ ਜਾ ਰਹੇ ਖਰਚ 'ਚ ਗਿਰਾਵਟ ਨਜ਼ਰ ਆਉਂਦੀ ਹੈ। ਅਸਲ 'ਚ ਸਰਕਾਰ ਵੱਲੋਂ ਇਸ਼ਤਿਹਾਰਾਂ ਉੱਤੇ ਕੀਤੇ ਜਾ ਰਹੇ ਖਰਚ 'ਤੇ ਲਗਾਤਾਰ ਸਵਾਲ ਉਠ ਰਹੇ ਸਨ। ਭਾਜਪਾ ਸਰਕਾਰ ਨੇ ਇਸ ਦਾ ਵੀ ਰਸਤਾ ਕੱਢ ਲਿਆ ਤੇ ਉਸ ਨੇ ਇਹ ਭਾਰ ਭਾਜਪਾ ਸ਼ਾਸਤ ਰਾਜਾਂ ਦੀਆਂ ਸਰਕਾਰਾਂ ਉੱਤੇ ਪਾਉਣਾ ਸ਼ੁਰੂ ਕਰ ਦਿੱਤਾ ਹੈ।*

*ਉੱਤਰ ਪ੍ਰਦੇਸ਼ ਦੀ ਯੋਗੀ ਸਰਕਾਰ ਨੇ ਵਿੱਤੀ ਸਾਲ 2020-21 ਦੌਰਾਨ ਟੀ ਵੀ ਚੈਨਲਾਂ ਨੂੰ 160 ਕਰੋੜ ਰੁਪਏ ਦੇ ਇਸ਼ਤਿਹਾਰ ਦਿੱਤੇ ਸਨ। ਇਨ੍ਹਾਂ ਦਾ ਵੱਡਾ ਹਿੱਸਾ ਮੋਦੀ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਆਤਮ ਨਿਰਭਰ ਭਾਰਤ' ਮੁਹਿੰਮ ਲਈ ਖਰਚਿਆ ਗਿਆ ਸੀ। ਕੋਰੋਨਾ ਵੈਕਸੀਨ ਲਾਏ ਜਾਣ ਸਮੇਂ ਹਰਿਆਣਾ, ਯੂ ਪੀ ਤੇ ਉੱਤਰਾਖੰਡ ਦੀਆਂ ਸਰਕਾਰਾਂ ਨੇ 'ਧੰਨਵਾਦ ਮੋਦੀ' ਇਸ਼ਤਿਹਾਰੀ ਮੁਹਿੰਮ ਚਲਾ ਕੇ ਕਰੋੜਾਂ ਰੁਪਏ ਖ਼ਰਚ ਕੀਤੇ ਸਨ। ਇਸੇ ਤਰ੍ਹਾਂ ਜਦੋਂ ਆਪਣੇ ਜਨਮ ਦਿਨ 'ਤੇ ਮੋਦੀ ਨਾਮੀਬੀਆ ਤੋਂ ਚੀਤੇ ਲੈ ਕੇ ਆਇਆ ਸੀ ਤਾਂ ਮੱਧ ਪ੍ਰਦੇਸ਼ ਸਰਕਾਰ ਨੇ ਦਿੱਲੀ 'ਚ ਇਸ਼ਤਿਹਾਰੀ ਮੁਹਿੰਮ ਚਲਾਈ ਸੀ। ਮੋਦੀ ਸਰਕਾਰ ਦੌਰਾਨ ਇੱਕ ਹੋਰ ਚਲਣ ਸ਼ੁਰੂ ਹੋ ਗਿਆ, ਜਿਸ ਅਨੁਸਾਰ ਪ੍ਰਧਾਨ ਮੰਤਰੀ ਕਿਸੇ ਯੋਜਨਾ ਦਾ ਉਦਘਾਟਨ ਤਾਂ ਯੂ ਪੀ, ਮੱਧ ਪ੍ਰਦੇਸ਼ ਜਾਂ ਕਰਨਾਟਕ 'ਚ ਕਰ ਰਹੇ ਹੁੰਦੇ ਹਨ, ਪਰ ਦੂਜੇ ਰਾਜਾਂ ਦੀਆਂ ਚੋਣਾਂ ਵਿੱਚ ਲਾਭ ਲੈਣ ਲਈ ਇਸ਼ਤਿਹਾਰ ਕੌਮੀ ਪੱਧਰ 'ਤੇ ਪ੍ਰਕਾਸ਼ਤ ਕੀਤੇ ਜਾਂਦੇ ਹਨ।*

## ਏਟਕ ਦੀ ਕੌਮੀ ਜਨਰਲ ਸਕੱਤਰ ਕਾਮਰੇਡ ਅਮਰਜੀਤ ਕੌਰ ਨਾਲ ਮੁਲਾਕਾਤ

# ਮੌਜੂਦਾ ਸਮੇਂ 'ਚ ਮਿਹਨਤਕਸ਼ ਤੇ ਆਮ ਲੋਕਾਂ ਸਾਹਮਣੇ ਦਰਪੇਸ਼ ਚੁਣੌਤੀਆਂ


ਐਮ ਐਸ ਭਾਟੀਆ

ਏਟਕ ਦੀ 42ਵੀਂ ਰਾਸ਼ਟਰੀ ਕਾਨਫਰੰਸ 16 ਤੋਂ 20 ਦਸੰਬਰ ਤੱਕ ਅਲਪੁਜਾ, ਕੇਰਲਾ ਵਿਖੇ ਹੋ ਰਹੀ ਹੈ। ਇਸ ਸਮੇਂ ਦੁਨੀਆ ਭਰ ਵਿੱਚ ਅਤੇ ਸਾਡੇ ਦੇਸ਼ ਵਿੱਚ ਮਜ਼ਦੂਰ ਵਰਗ ਅਤੇ ਆਮ ਲੋਕਾਂ ਲਈ ਸਥਿਤੀ ਬਦਤਰ ਹੋ ਗਈ ਹੈ। ਸੱਜੇ-ਪੱਖੀ ਤਬਦੀਲੀ ਹੋ ਰਹੀ ਹੈ। ਇਹ ਰੁਝਾਨ ਅੰਤਰ-ਰਾਸ਼ਟਰੀ ਵਿੱਤੀ ਪੂੰਜੀ ਦੇ ਵਿਸ਼ਵ ਪੱਧਰ 'ਤੇ ਆਪਣੀ ਸਰਵਉੱਚਤਾ ਸਥਾਪਤ ਕਰਨ ਦੇ ਨਾਲ ਮਜ਼ਬੂਤ ਹੋ ਰਿਹਾ ਹੈ। ਆਈ. ਐੱਮ.ਐੱਫ, ਵਿਸ਼ਵ ਬੈਂਕ ਅਤੇ ਡਬਲਊ.ਟੀ.ਓ. ਇਸ ਏਜੰਡੇ ਨੂੰ ਅੱਗੇ ਵਧਾਉਣ ਲਈ ਅੰਤਰ-ਰਾਸ਼ਟਰੀ ਵਿੱਤੀ ਪੂੰਜੀ ਦੀ ਮਦਦ ਕਰ ਰਹੇ ਹਨ। ਮਕਸਦ ਆਰਥਿਕ ਰਣਨੀਤੀ, ਕੁਦਰਤੀ ਸਰੋਤਾਂ ਨੂੰ ਹਾਸਲ ਕਰਨਾ, ਬਜ਼ਾਰਾਂ ਨੂੰ ਵਿਕਸਤ ਕਰਨਾ ਅਤੇ ਹਾਸਲ ਕਰਨਾ, ਵੱਧ ਤੋਂ ਵੱਧ ਮੁਨਾਫਾ ਕਮਾਉਣਾ ਅਤੇ ਇੱਕ ਵਿਸ਼ਵਵਿਆਪੀ ਕਰਜ਼ਾ-ਆਧਾਰਿਤ ਅਰਥ ਵਿਵਸਥਾ ਸਥਾਪਤ ਕਰਨਾ ਹੈ। ਉਦਯੋਗਿਕ ਉਤਪਾਦਨ ਵਿੱਚ ਖੜੋਤ ਹੈ, ਸਗੋਂ ਇਹ ਸੰਸਾਰ ਭਰ ਵਿੱਚ ਨਕਾਰਾਤਮਕ ਰੁਜ਼ਗਾਰ ਵਿਕਾਸ ਦਰਸਾ ਰਹੀ ਹੈ। ਪੂੰਜੀਵਾਦੀ ਸੰਸਾਰ ਤੇਜ਼ੀ ਨਾਲ ਆਪਣੇ ਆਰਥਿਕ ਬੋਝ ਨੂੰ ਵਿਕਾਸਸ਼ੀਲ ਦੇਸ਼ਾਂ 'ਤੇ ਪਾਉਣਾ ਚਾਹੁੰਦਾ ਹੈ। ਡਰਾਉਣ-ਧਮਕਾਉਣ, ਜੰਗ, ਸੰਘਰਸ਼ ਆਦਿ ਦੇ ਸਾਰੇ ਹੱਥਕੰਡੇ ਅਪਣਾਏ ਜਾ ਰਹੇ ਹਨ। ਅਮਰੀਕਾ-ਨਾਟੋ ਦੀ ਪੈਦਾ ਕੀਤੀ ਸਥਿਤੀ ਨੇ ਯੂਰਪ ਨੂੰ ਜੰਗ ਵੱਲ ਧੱਕ ਦਿੱਤਾ ਹੈ। ਪਾਬੰਦੀਆਂ ਦੀ ਰਾਜਨੀਤੀ ਦੁਨੀਆ ਭਰ ਦੇ ਕਿਰਤੀ ਲੋਕਾਂ ਨੂੰ ਪ੍ਰਭਾਵਿਤ ਕਰ ਰਹੀ ਹੈ ਅਤੇ ਰਹਿਣ-ਸਹਿਣ ਦੀਆਂ ਕੀਮਤਾਂ ਵਧ ਰਹੀਆਂ ਹਨ। ਇਸ ਕਾਰਨ ਬੇਰੁਜ਼ਗਾਰੀ ਦੀ ਦਰ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਖਰਚ ਘਟਾਉਣ ਦੇ ਨਾਂਅ 'ਤੇ ਪੈਨਸ਼ਨ, ਜਨ ਸਿਹਤ, ਸਿੱਖਿਆ, ਸਿਵਲ ਸੇਵਾਵਾਂ 'ਤੇ ਹਮਲੇ ਹੋ ਰਹੇ ਹਨ। ਮਿਲਟਰੀ ਬੱਜਟ ਵਧਦਾ ਜਾ ਰਿਹਾ ਹੈ, ਹਥਿਆਰ ਉਦਯੋਗ ਵਧ-ਫੁੱਲ ਰਿਹਾ ਹੈ, ਜਦੋਂ ਕਿ ਅਸਮਾਨਤਾ ਵਧ ਰਹੀ ਹੈ ਅਤੇ ਜੀਵਨ ਪੱਧਰਾਂ ਵਿੱਚ ਪਾੜਾ ਡੂੰਘਾ ਹੋ ਰਿਹਾ ਹੈ।

ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਹਾਕਮ ਜਮਾਤਾਂ ਦੀ ਟੇਢੀ ਹਮਾਇਤ ਨਾਲ ਫਾਸ਼ੀਵਾਦੀ ਪ੍ਰਵਿਰਤੀਆਂ ਵਧ ਰਹੀਆਂ ਹਨ। ਦੇਸ਼ ਅੰਦਰ ਅਤੇ ਦੇਸ਼ਾਂ ਅਤੇ ਖੇਤਰਾਂ ਵਿਚਕਾਰ ਹਰ ਪੱਧਰ 'ਤੇ ਸੰਘਰਸ਼ ਵਧ ਰਹੇ ਹਨ।

ਭਾਰਤ ਵਿੱਚ ਵੀ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਕੇਂਦਰ ਦੀ ਮੋਦੀ ਸਰਕਾਰ ਬਿਨਾਂ ਸ਼ੱਕ ਭਾਰਤੀ ਅਤੇ ਵਿਦੇਸ਼ੀ ਕਾਰਪੋਰੇਟਾਂ ਅਤੇ ਵਿਸ਼ਵ ਵਿੱਤੀ ਪੂੰਜੀ ਦੇ ਹਿੱਤਾਂ ਦੀ ਨੁਮਾਇੰਦਗੀ ਕਰਦੀ ਹੈ। ਇਸ ਦੇ ਨਾਲ ਹੀ ਬਹੁਗਿਣਤੀਵਾਦ ਅਤੇ ਫਿਰਕਾਪ੍ਰਸਤੀ ਆਪਣੇ ਸਿਖਰ 'ਤੇ ਹੈ। ਫਾਸ਼ੀਵਾਦੀ ਪ੍ਰਵਿਰਤੀਆਂ ਵਿੱਚ ਸੱਤਾ ਵੱਲੋਂ ਰੋਜ਼ਾਨਾ ਦੀਆਂ ਘਟਨਾਵਾਂ ਅਤੇ ਬਿਆਨਾਂ ਰਾਹੀਂ ਵਾਧਾ ਕੀਤਾ ਜਾ ਰਿਹਾ ਹੈ। ਇੱਕ ਪਾਸੇ ਦੇਸ਼ ਦੀ ਆਰਥਿਕਤਾ ਨੂੰ ਕਾਰਪੋਰੇਟ ਅਤੇ ਹੋਰ ਸਰਮਾਏਦਾਰ ਜਮਾਤ ਦੇ ਹਵਾਲੇ ਕੀਤਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਸਮਾਜ ਨੂੰ ਵੰਡਣ ਅਤੇ ਲੋਕਾਂ ਦਾ ਧਿਆਨ ਰੋਜ਼ੀ-ਰੋਟੀ, ਸਿੱਖਿਆ, ਸਿਹਤ, ਸਮਾਜਿਕ ਸੁਰੱਖਿਆ, ਰਿਹਾਇਸ਼, ਪੀਣ ਵਾਲੇ ਪਾਣੀ ਅਤੇ ਸਫਾਈ ਦੇ ਮੁੱਦਿਆਂ ਤੋਂ ਭਟਕਾਇਆ ਜਾ ਰਿਹਾ ਹੈ।

ਨੋਟਬੰਦੀ ਦੇ ਬਾਅਦ ਦੇ ਪ੍ਰਭਾਵ ਅਤੇ ਉਸ ਤੋਂ ਬਾਅਦ ਦੇ ਨੁਕਸਦਾਰ ਜੀ ਐੱਸ ਟੀ ਨੇ ਨੌਕਰੀਆਂ, ਘਰੇਲੂ-ਅਧਾਰਤ ਅਤੇ ਛੋਟੇ ਪੈਮਾਨੇ ਦੇ ਖੇਤਰ ਦੇ ਨਾਲ-ਨਾਲ ਪ੍ਰਚੂਨ ਵਪਾਰ ਨੂੰ ਪ੍ਰਭਾਵਤ ਕਰਨਾ ਜਾਰੀ ਰੱਖਿਆ ਹੈ। ਕੋਵਿਡ-19 ਮਹਾਂਮਾਰੀ ਦੌਰਾਨ ਗੈਰ-ਯੋਜਨਾਬੱਧ ਤਾਲਾਬੰਦੀ ਅਤੇ ਕੁਪ੍ਰਬੰਧਨ ਨੇ ਮਜ਼ਦੂਰ ਵਰਗ ਦੇ ਜੀਵਨ ਵਿੱਚ ਹੋਰ ਤਬਾਹੀ ਮਚਾ ਦਿੱਤੀ ਹੈ।

ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜ਼ੇਸ਼ਨ (ਐੱਨ ਐੱਸ ਐੱਸ ਓ) ਦੁਆਰਾ ਪ੍ਰਕਾਸ਼ਿਤ ਅੰਕੜੇ ਦਰਸਾਉਂਦੇ ਹਨ ਕਿ ਸਭ ਤੋਂ ਵੱਧ ਪ੍ਰਭਾਵਿਤ ਗੈਰ ਰਸਮੀ ਖੇਤਰ ਹੈ, ਜੋ ਭਾਰਤ ਵਿੱਚ ਲੱਗਭੱਗ 75% ਨੌਕਰੀਆਂ ਲਈ ਯੋਗਦਾਨ ਪਾਉਂਦਾ ਹੈ।

ਨਵੀਂ ਕਰੰਸੀ ਛਾਪਣ 'ਤੇ 8000 ਕਰੋੜ ਰੁਪਏ ਖਰਚ ਕੀਤੇ ਗਏ। 70 ਲੱਖ ਤੋਂ ਵੱਧ ਨੌਕਰੀਆਂ ਚਲੀਆਂ ਗਈਆਂ। 2.24 ਲੱਖ ਤੋਂ ਵੱਧ ਕੰਪਨੀਆਂ ਬੰਦ ਹੋਈਆਂ। ਆਰਥਿਕ ਨੀਤੀਆਂ ਵਿੱਚ ਸੱਜੇ-ਪੱਖੀ-ਪ੍ਰਤੀਕਿਰਿਆਵਾਦੀ ਤਬਦੀਲੀ, ਜਿਸ ਨੇ ਜਨਤਕ ਖੇਤਰ ਨੂੰ ਤਬਾਹ ਕਰਨ, ਅਜਾਰੇਦਾਰ ਕਾਰੋਬਾਰੀ ਘਰਾਣਿਆਂ ਅਤੇ ਵਿਦੇਸ਼ੀ ਕਾਰਪੋਰੇਟਾਂ ਨੂੰ ਲਾਭ ਪਹੁੰਚਾਉਣ, ਕਾਰਪੋਰੇਟਾਂ ਦਾ ਪੱਖ ਲੈਣ, ਵਿਰੋਧ ਪ੍ਰਦਰਸ਼ਨਾਂ ਦੇ ਬਾਵਜੂਦ ਕਿਸਾਨਾਂ ਦੀ ਜ਼ਮੀਨ ਹੜੱਪਣ ਲਈ ਕਿਸਾਨ ਭਾਈਚਾਰੇ 'ਤੇ ਹਮਲੇ ਕਰਨ, ਕਾਰਪੋਰੇਟਾਂ ਅਤੇ ਅਮੀਰਾਂ ਲਈ ਟੈਕਸ ਛੋਟ, ਦੌਲਤ ਟੈਕਸ ਨੂੰ ਪੂਰੀ ਤਰ੍ਹਾਂ ਖਤਮ ਕਰਨ, ਅਸਿੱਧੇ ਟੈਕਸਾਂ ਵਿੱਚ ਵਾਧਾ ਜੋ ਆਮ ਆਦਮੀ ਨੂੰ ਮਾਰ ਰਿਹਾ ਹੈ, ਵਿਦੇਸ਼ੀ ਪੂੰਜੀ ਨੂੰ ਰਿਆਇਤਾਂ ਅਤੇ ਭਾਰਤ ਦੇ ਮੱਧਮ, ਸੂਖਮ ਅਤੇ ਛੋਟੇ ਉਦਯੋਗਾਂ, ਰੇਲਵੇ, ਰੱਖਿਆ, ਪ੍ਰਚੂਨ ਵਿੱਚ 100% ਐੱਫ.ਡੀ.ਆਈ. ਵਪਾਰ, ਫਾਰਮਾਸਿਊਟੀਕਲ, ਪਸ਼ੂ ਪਾਲਣ ਅਤੇ ਸੁਰੱਖਿਆ ਸੇਵਾਵਾਂ ਅਤੇ ਨਿੱਜੀ ਭਾਰਤੀ ਅਤੇ ਵਿਦੇਸ਼ੀ ਬੈਂਕਾਂ ਨੂੰ ਲਾਭ ਪਹੁੰਚਾਉਣ ਲਈ ਵੱਖ-ਵੱਖ ਸਾਧਨਾਂ ਰਾਹੀਂ ਬੈਂਕਾਂ ਅਤੇ ਬੀਮਾ ਦੇ ਵਿਨਿਵੇਸ਼ ਅਤੇ ਨਿੱਜੀਕਰਨ ਲਈ ਅਪਣਾਈਆਂ ਗਈਆਂ ਨੀਤੀਆਂ ਸ਼ਾਮਲ ਹਨ।

ਕਿਰਤੀ ਲੋਕਾਂ ਦੀ ਵੱਡੀ ਬਹੁਗਿਣਤੀ ਦੀ ਨੁਮਾਇੰਦਗੀ ਕਰਨ ਵਾਲੀਆਂ ਟਰੇਡ ਯੂਨੀਅਨਾਂ ਨੂੰ ਸਰਕਾਰ ਦੇ ਮਜ਼ਦੂਰ ਵਿਰੋਧੀ, ਕਿਸਾਨ ਵਿਰੋਧੀ, ਦੇਸ਼ ਵਿਰੋਧੀ ਕਦਮਾਂ ਦੇ ਜਥੇਬੰਦ ਵਿਰੋਧ ਨੂੰ ਕਮਜ਼ੋਰ ਕਰਨ ਲਈ ਨਿਸ਼ਾਨਾ ਬਣਾਇਆ ਗਿਆ। 8 ਜਨਵਰੀ, 2019 ਨੂੰ ਪਾਰਲੀਮੈਂਟ ਵਿੱਚ ਟਰੇਡ ਯੂਨੀਅਨ ਐਕਟ 1926 ਵਿੱਚ ਬਦਲਾਅ ਲਿਆਉਣ ਲਈ ਵਿੱਤ ਬਿੱਲ ਅਪਣਾਏ ਜਾਣ ਤੋਂ ਬਾਅਦ ਕਿਰਤ ਕਾਨੂੰਨਾਂ ਵਿੱਚ ਜਿਸ ਗਤੀ ਨਾਲ ਬਦਲਾਅ ਕੀਤੇ ਗਏ ਅਤੇ 44 ਕੇਂਦਰੀ ਕਾਨੂੰਨਾਂ ਨੂੰ 4 ਕੋਡਾਂ ਵਿੱਚ ਪੇਸ਼ ਕੀਤਾ ਗਿਆ, ਉਹ ਮਜ਼ਦੂਰ ਵਰਗ ਦੀ ਆਵਾਜ਼ ਨੂੰ ਦਬਾਉਣ ਲਈ ਮਾਲਕਾਂ ਅਤੇ ਵਿਦੇਸ਼ੀ ਨਿਵੇਸ਼ਕਾਂ ਦੀ ਮਿਲੀਭੁਗਤ ਨਾਲ ਸਰਕਾਰ ਦੇ ਨਾਪਾਕ ਇਰਾਦਿਆਂ ਨੂੰ ਦਰਸਾਉਂਦਾ ਹੈ।

ਸਰਕਾਰ ਨੇ ਸਿਹਤ ਐਮਰਜੈਂਸੀ ਨਾਲ ਨਜਿੱਠਣ ਲਈ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਲਈ ਹੁਸ਼ਿਆਰੀ ਨਾਲ ਆਫਤ ਪ੍ਰਬੰਧਨ ਐਕਟ ਦੀ ਵਰਤੋਂ ਕੀਤੀ ਅਤੇ ਲੋੜੀਂਦੇ ਵਿਵਹਾਰ ਅਤੇ ਡਾਕਟਰੀ ਸਾਵਧਾਨੀ ਵਰਤਣ ਲਈ ਲੋਕਾਂ ਵਿੱਚ ਵਾਇਰਸ ਬਾਰੇ ਜਾਗਰੂਕਤਾ ਪੈਦਾ ਕੀਤੇ ਬਿਨਾਂ ਪੁਲਸ ਨਿਯਮ ਲਾਗੂ ਕਰ ਦਿੱਤਾ।

ਵਿਸ਼ਵ ਆਰਥਿਕ ਫੋਰਮ ਦੇ ਔਨਲਾਈਨ ਦਾਵੋਸ ਏਜੰਡਾ ਸੰਮੇਲਨ ਵਿੱਚ ਜਾਰੀ ਕੀਤੇ ਗਏ ਅਸਮਾਨਤਾ ਸਰਵੇਖਣ ਨੇ ਖੁਲਾਸਾ ਕੀਤਾ ਹੈ ਕਿ ਕਿਵੇਂ ਵਿਸ਼ਵ ਪੂੰਜੀਵਾਦ, ਭਾਰਤ ਵਿੱਚ ਕਾਰਪੋਰੇਟ ਅਤੇ ਹੋਰ ਦੇਸ਼ਾਂ ਦੇ ਲੋਕ ਅਜਿਹੇ ਸਮੇਂ ਵਿੱਚ ਦੌਲਤ ਇਕੱਠੀ ਕਰਨ ਵਿੱਚ ਲੱਗੇ ਹੋਏ ਸਨ।

ਆਕਸਫੈਮ ਇੰਡੀਆ ਦੀ ਰਿਪੋਰਟ ਇਸੇ ਦਾ ਹਿੱਸਾ ਹੈ, ਜੋ ਕਹਿੰਦੀ ਹੈ ਕਿ

* ਭਾਰਤ ਦੇ 10 ਸਭ ਤੋਂ ਅਮੀਰ ਲੋਕਾਂ ਦੀ ਦੌਲਤ ਹਰ ਬੱਚੇ ਦੇ ਸਕੂਲ ਅਤੇ 25 ਸਾਲਾਂ ਲਈ ਉੱਚ ਸਿੱਖਿਆ ਲਈ ਫੰਡ ਦੇਣ ਲਈ ਕਾਫੀ ਹੈ :

* 98 ਸਭ ਤੋਂ ਅਮੀਰ ਲੋਕਾਂ ਦੀ ਦੌਲਤ ਹੇਠਲੇ 552 ਮਿਲੀਅਨ ਲੋਕਾਂ ਦੇ ਬਰਾਬਰ ਹੈ:

2021 ਵਿੱਚ 84% ਪਰਵਾਰਾਂ ਦੀ ਆਮਦਨ ਘਟੀ, ਪਰ ਅਰਬਪਤੀਆਂ ਦੀ ਗਿਣਤੀ ਵਧੀ

ਅਰਬਪਤੀਆਂ ਦੇ ਕਲੱਬ ਦੇ ਰਿਕਾਰਡ 126 ਮੈਂਬਰ ਹਨ ਅਤੇ ਸੰਯੁਕਤ ਜਾਇਦਾਦ ਹੁਣ £ 728 ਬਿਲੀਅਨ ਹੈ

ਘੱਟ ਸਿਹਤ ਬੱਜਟ ਕਾਰਨ ਭਾਰਤ ਦੀ ਸਿਹਤ ਅਸਮਾਨਤਾ ਵਿਗੜ ਗਈ :

ਸ਼ਹਿਰੀ ਖੇਤਰਾਂ ਵਿੱਚ 8.81% ਦੇ ਮੁਕਾਬਲੇ ਪੇਂਡੂ ਖੇਤਰਾਂ ਵਿੱਚ ਗਰੀਬੀ ਦਾ ਅਨੁਪਾਤ 32.75% ਹੈ

* ਸਭ ਤੋਂ ਅਮੀਰ 10 ਫੀਸਦੀ 'ਤੇ 1% ਵਾਧੂ ਟੈਕਸ ਦੇਸ਼ ਨੂੰ ਲੱਗਭੱਗ 17.7 ਲੱਖ ਵਾਧੂ ਆਕਸੀਜਨ ਸਿਲੰਡਰ ਪ੍ਰਦਾਨ ਕਰ ਸਕਦਾ ਹੈ।

* 142 ਭਾਰਤੀ ਅਰਬਪਤੀਆਂ ਕੋਲ ਸਮੂਹਿਕ ਤੌਰ 'ਤੇ 719 ਬਿਲੀਅਨ ਅਮਰੀਕੀ ਡਾਲਰ (53 ਲੱਖ ਕਰੋੜ ਰੁਪਏ ਤੋਂ ਵੱਧ) ਦੀ ਦੌਲਤ ਹੈ, ਜਦੋਂ ਕਿ ਇਨ੍ਹਾਂ ਵਿੱਚੋਂ ਸਭ ਤੋਂ ਅਮੀਰ 98 ਕੋਲ ਹੁਣ ਓਨੀ ਹੀ ਦੌਲਤ ਹੈ, ਜਿੰਨੀ ਸਭ ਤੋਂ ਗਰੀਬ 55.5 ਕਰੋੜ ਲੋਕਾਂ ਕੋਲ ਯਾਨੀ 657 ਬਿਲੀਅਨ ਅਮਰੀਕੀ ਡਾਲਰ (49 ਲੱਖ ਕਰੋੜ)

ਜੇਕਰ ਸਾਲਾਨਾ ਵੈਲਥ ਟੈਕਸ ਨੂੰ ਕਰੋੜਪਤੀਆਂ ਅਤੇ ਅਰਬਪਤੀਆਂ 'ਤੇ ਲਾਗੂ ਕੀਤਾ ਜਾਵੇ ਤਾਂ ਇਹ ਸਾਲਾਨਾ 78.3 ਬਿਲੀਅਨ ਡਾਲਰ ਇਕੱਠਾ ਕਰੇਗਾ ਜੋ ਸਰਕਾਰੀ ਸਿਹਤ ਬਜਟ ਨੂੰ 271 ਪ੍ਰਤੀਸ਼ਤ ਵਧਾਉਣ ਜਾਂ ਘਰੇਲੂ ਸਿਹਤ ਬਜਟ ਨੂੰ ਖਤਮ ਕਰਨ ਅਤੇ 30.5 ਬਿਲੀਅਨ ਡਾਲਰ ਦੀ ਬਚਤ ਕਰਨ ਲਈ ਕਾਫੀ ਹੋਵੇਗਾ।

* ਸਭ ਤੋਂ ਅਮੀਰ 10 ਪ੍ਰਤੀਸ਼ਤ ਨੇ ਰਾਸ਼ਟਰੀ ਸੰਪਤੀ ਦਾ 45 ਪ੍ਰਤੀਸ਼ਤ ਇਕੱਠਾ ਕੀਤਾ, ਜਦੋਂ ਕਿ ਹੇਠਲੇ 50 ਪ੍ਰਤੀਸ਼ਤ ਆਬਾਦੀ ਨੇ ਸਿਰਫ 6 ਪ੍ਰਤੀਸ਼ਤ।

* ਸਿਹਤ, ਸਿੱਖਿਆ ਅਤੇ ਸਮਾਜਿਕ ਸੁਰੱਖਿਆ 'ਤੇ ਨਾਕਾਫੀ ਸਰਕਾਰੀ ਖਰਚੇ ਸਿਹਤ ਅਤੇ ਸਿੱਖਿਆ ਦੇ ਨਿੱਜੀਕਰਨ ਦੇ ਵਧਣ ਨਾਲ ਹੱਥੋਂ ਨਿਕਲ ਗਏ ਹਨ।

ਰਿਪੋਰਟ ਕਹਿੰਦੀ ਹੈ, ਅਸੀਂ ਸਰਕਾਰ ਨੂੰ ਬਹੁਗਿਣਤੀ ਲਈ ਸਰੋਤ ਪੈਦਾ ਕਰਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਸਿੱਖਿਆ ਅਤੇ ਸਿਹਤ ਵਿੱਚ ਨਿਵੇਸ਼ ਕਰਨ ਲਈ ਦੌਲਤ ਟੈਕਸ ਨੂੰ ਮੁੜ ਲਾਗੂ ਕਰਕੇ ਭਾਰਤ ਦੇ ਅਤਿ-ਅਮੀਰਾਂ ਦੀ ਦੌਲਤ ਦੀ ਮੁੜ ਵੰਡ ਕਰਨ ਲਈ ਕਹਿੰਦੇ ਹਾਂ।" ਸਰਕਾਰ ਅਸਥਾਈ ਤੌਰ 'ਤੇ ਟੈਕਸ ਲਗਾ ਕੇ ਮਾਲੀਆ ਪੈਦਾ ਕਰੇ।

1948 ਤੋਂ 1980 ਦੇ ਵਿਚਕਾਰ ਦੇਸ਼ ਵਿੱਚ ਪੈਦਾ ਹੋਏ ਕਾਲੇ ਧਨ ਦਾ ਕੁੱਲ ਵਹਾਅ ਲੱਗਭੱਗ 10 ਪ੍ਰਤੀਸ਼ਤ ਸੀ, 1980 ਵਿੱਚ 18 ਪ੍ਰਤੀਸ਼ਤ, ਜਦੋਂ ਕਿ ਇਹ 1995 ਵਿੱਚ ਅਪਣਾਈਆਂ ਗਈਆਂ ਨਵਉਦਾਰਵਾਦੀ ਆਰਥਿਕ ਨੀਤੀਆਂ ਦੌਰਾਨ 40 ਪ੍ਰਤੀਸ਼ਤ ਦੇ ਨੇੜੇ ਪਹੁੰਚ ਗਿਆ ਸੀ, ਪਰ ਅੱਜ ਮੋਦੀ ਸ਼ਾਸਨ 'ਚ ਇਹ 62 ਫੀਸਦੀ ਹੈ, ਜਦ ਕਿ ਉਨ੍ਹਾਂ ਦਾ ਨਾਅਰਾ ਸੀ, "ਨਾ ਖਾਊਂਗਾ, ਨਾ ਖਾਨੇ ਦੂੰਗਾ"। ਮੋਦੀ ਸਰਕਾਰ ਦੇ ਸੱਤ ਸਾਲਾਂ ਦੌਰਾਨ ਭਾਰਤ ਦਾ ਕਰਜ਼ਾ 142 ਫੀਸਦੀ ਵਧਿਆ ਹੈ। 67 ਸਾਲਾਂ ਵਿੱਚ ਭਾਰਤ ਦਾ ਕਰਜ਼ਾ 55,87,449 ਕਰੋੜ ਰੁਪਏ ਤੱਕ ਪਹੁੰਚਿਆ ਸੀ, ਜਦੋਂ ਕਿ ਮੋਦੀ ਸਰਕਾਰ ਦੇ ਸੱਤ ਸਾਲਾਂ ਵਿੱਚ ਹੀ 24,12,077 ਕਰੋੜ ਰੁਪਏ ਦਾ ਵਾਧਾ ਹੋਇਆ ਅਤੇ ਅੱਜ ਇਹ ਕਰਜ਼ਾ 79,99,526 ਕਰੋੜ ਰੁਪਏ ਹੈ। 2022 ਵਿੱਚ ਵਿਆਜ ਦਾ ਹਿੱਸਾ 52.4 ਪ੍ਰਤੀਸ਼ਤ ਹੋਵੇਗਾ, ਜੋ 18 ਸਾਲਾਂ ਵਿੱਚ ਸਭ ਤੋਂ ਵੱਧ ਹੈ।

ਬੇਰੋਜ਼ਗਾਰੀ ਦਰ ਬੇਮਿਸਾਲ ਹੈ, ਕੋਵਿਡ ਤੋਂ ਪਹਿਲਾਂ ਇਹ 7.1 ਪ੍ਰਤੀਸ਼ਤ ਸੀ, ਕੋਵਿਡ ਦੌਰਾਨ ਇਹ ਵਧ ਕੇ 23 ਪ੍ਰਤੀਸ਼ਤ ਹੋ ਗਈ, ਅਤੇ ਹੁਣ ਇਹ ਪ੍ਰੀ-ਕੋਵਿਡ ਅੰਕੜੇ ਨਾਲੋਂ 8.1 ਪ੍ਰਤੀਸ਼ਤ ਵੱਧ ਹੈ, ਜਿਸ ਨੂੰ 45 ਸਾਲਾਂ ਵਿੱਚ ਸਭ ਤੋਂ ਵੱਧ ਕਿਹਾ ਜਾਂਦਾ ਹੈ। ਇੱਕ ਸਮਾਂ ਸੀ ਜਦੋਂ ਅਪ੍ਰੈਲ 2021 ਵਿੱਚ ਹਰ ਘੰਟੇ 1,70,000 ਲੋਕ ਆਪਣੀਆਂ ਨੌਕਰੀਆਂ ਗੁਆ ਰਹੇ ਸਨ। ਸਰਵੇਖਣ ਦਰਸਾਉਂਦਾ ਹੈ ਕਿ 15 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ ਉਪਲੱਬਧ ਨੌਕਰੀਆਂ ਨਾਲੋਂ ਦੁੱਗਣੀ ਹੈ। ਪੈਂਤੀ ਫੀਸਦੀ ਨੂੰ ਆਪਣੀ ਨੌਕਰੀ ਵਾਪਸ ਨਹੀਂ ਮਿਲੀ। ਮਾਮਲੇ ਦੀ ਸੱਚਾਈ ਇਹ ਹੈ ਕਿ ਉੱਚ ਹੁਨਰਮੰਦ ਕਾਮੇ ਅਰਧ-ਹੁਨਰਮੰਦ ਅਤੇ ਇੱਥੋਂ ਤੱਕ ਕਿ ਗੈਰ-ਕੁਸ਼ਲ ਨੌਕਰੀਆਂ ਜਾਂ ਸਵੈ-ਰੁਜ਼ਗਾਰ ਵੱਲ ਵੀ ਚਲੇ ਗਏ ਹਨ। ਇਹ ਰਿਪੋਰਟ ਹੈਰਾਨ ਕਰਨ ਵਾਲੀ ਹੈ ਕਿ ਹਰ ਡੇਢ ਘੰਟੇ ਵਿੱਚ ਇੱਕ ਨੌਜਵਾਨ ਬੇਰੁਜ਼ਗਾਰੀ ਕਾਰਨ ਖੁਦਕੁਸ਼ੀ ਕਰ ਰਿਹਾ ਹੈ।

ਬੇਰੁਜ਼ਗਾਰੀ ਦੀ ਸਥਿਤੀ ਬਦਤਰ ਹੋ ਗਈ ਹੈ। ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕਾਨਮੀ (ਸੀ.ਐੱਮ.ਆਈ.ਈ) ਦੀ ਜਨਵਰੀ ਤੋਂ ਅਪ੍ਰੈਲ 2022 ਦੀ ਮਿਆਦ ਲਈ ਤਾਜ਼ਾ ਰਿਪੋਰਟ ਦੱਸਦੀ ਹੈ ਕਿ ਕੰਮ ਕਰਨ ਦੀ ਉਮਰ ਦੀ ਆਬਾਦੀ ਦਾ ਲੱਗਭੱਗ 68.65% ਅਨਪੜ੍ਹ ਸ਼੍ਰੇਣੀ ਵਿੱਚ ਅਮਲੀ ਤੌਰ 'ਤੇ ਬੇਰੁਜ਼ਗਾਰ ਹੈ। 5ਵੀਂ ਜਮਾਤ ਤੱਕ ਪੜ੍ਹੇ-ਲਿਖੇ 67.59% ਬੇਰੁਜ਼ਗਾਰ ਹਨ, ਇਸੇ ਤਰ੍ਹਾਂ 62.90% ਬੇਰੁਜ਼ਗਾਰ 6ਵੀਂ ਤੋਂ 9ਵੀਂ ਜਮਾਤ ਪਾਸ ਹਨ, ਜਦੋਂ ਕਿ 10ਵੀਂ ਤੋਂ 12ਵੀਂ ਜਮਾਤ ਤੱਕ ਪੜ੍ਹੇ 64.9% ਕੋਲ ਕੋਈ ਨੌਕਰੀ ਨਹੀਂ ਹੈ, ਗ੍ਰੈਜੂਏਟ ਅਤੇ ਇਸ ਤੋਂ ਉੱਪਰ ਦੇ ਬੇਰੁਜ਼ਗਾਰਾਂ ਦੀ ਪ੍ਰਤੀਸ਼ਤਤਾ 49.96% ਹੈ। ਮੋਟੇ ਤੌਰ 'ਤੇ ਇਹ ਸਰਵੇਖਣ ਰਿਪੋਰਟ ਦਰਸਾਉਂਦੀ ਹੈ ਕਿ ਕੰਮ ਕਰਨ ਦੀ ਉਮਰ ਦੇ ਲੋਕ ਜੋ ਗ੍ਰੈਜੂਏਸ਼ਨ ਪੱਧਰ ਤੋਂ ਹੇਠਾਂ ਹਨ, ਲੱਗਭੱਗ 90.87% ਹਨ ਅਤੇ ਉਨ੍ਹਾਂ ਵਿੱਚੋਂ 64.58% ਬੇਰੁਜ਼ਗਾਰ ਹਨ।

ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਪਿਛਲੇ ਸਾਲ 24 ਵਾਰ ਵਧ ਕੇ 100 ਰੁਪਏ ਤੱਕ ਪਹੁੰਚ ਜਾਣ ਕਾਰਨ ਮਹਿੰਗਾਈ ਦੀ ਸਥਿਤੀ ਵਿਗੜਦੀ ਜਾ ਰਹੀ ਹੈ, ਜਿਸ ਦਾ ਅਸਰ ਲੱਗਭੱਗ ਸਾਰੀਆਂ ਜ਼ਰੂਰੀ ਵਸਤਾਂ ਅਤੇ ਸੇਵਾਵਾਂ ਦੀਆਂ ਕੀਮਤਾਂ 'ਤੇ ਪਿਆ ਹੈ।

ਸਰਕਾਰ ਦੀ ਰਿਪੋਰਟ ਖੁਦ ਮੰਨਦੀ ਹੈ ਕਿ ਥੋਕ ਮੁੱਲ ਪਿਛਲੇ 30 ਸਾਲਾਂ ਦੇ ਸਭ ਤੋਂ ਉੱਚੇ ਪੱਧਰ 14.25 ਫੀਸਦੀ ਤੱਕ ਪਹੁੰਚ ਗਿਆ ਹੈ। ਦਾਲਾਂ, ਚੌਲ, ਕਣਕ, ਖਾਣ ਵਾਲੇ ਤੇਲ ਦੀਆਂ ਕੀਮਤਾਂ ਲੋਕਾਂ ਨੂੰ ਘੱਟ ਖਪਤ ਕਰਨ ਲਈ ਮਜਬੂਰ ਕਰ ਰਹੀਆਂ ਹਨ। ਇਹ ਭੁੱਖਮਰੀ ਸੂਚਕਾਂਕ ਨੂੰ ਹੋਰ ਵਿਗਾੜ ਦੇਵੇਗਾ, ਜਿੱਥੇ ਭਾਰਤ ਪਹਿਲਾਂ ਹੀ 121 ਦੇਸ਼ਾਂ ਵਿੱਚੋਂ 107ਵੇਂ ਸਥਾਨ 'ਤੇ ਹੈ। ਦੱਖਣੀ ਏਸ਼ੀਆਈ ਦੇਸ਼ ਭਾਰਤ ਨਾਲੋਂ ਬਿਹਤਰ ਸਥਿਤੀ ਵਿੱਚ ਹਨ। ਵਰਤਮਾਨ ਵਿੱਚ ਭਾਰਤੀ ਦੁਨੀਆ ਦੇ ਕੁੱਲ ਕੁਪੋਸ਼ਣ ਦਾ ਇੱਕ ਤਿਹਾਈ ਹਿੱਸਾ ਹਨ।

ਕੁਝ ਮਹੀਨੇ ਪਹਿਲਾਂ ਇੱਕ ਸਰਕਾਰੀ ਰਿਪੋਰਟ ਵਿੱਚ ਦੱਸਿਆ ਗਿਆ ਸੀ ਕਿ ਭਾਰਤ ਵਿੱਚ 75 ਫੀਸਦੀ ਪਰਵਾਰਾਂ ਦੀ ਆਮਦਨ 5000 ਰੁਪਏ ਤੋਂ ਘੱਟ ਹੈ। ਇਸੇ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ 95 ਫੀਸਦੀ ਪਰਿਵਾਰਾਂ ਦੀ ਆਮਦਨ ਸਿਰਫ 10,000 ਰੁਪਏ ਤੋਂ ਘੱਟ ਹੈ।

ਡਿਜ਼ੀਟਲ ਪਾੜੇ ਨੇ ਇਸ ਪਾੜੇ ਨੂੰ ਹੋਰ ਵਧਾ ਦਿੱਤਾ ਹੈ। ਯੂਨੀਸੈਫ ਦੇ ਅਨੁਸਾਰ ਔਨਲਾਈਨ ਸਿੱਖਿਆ ਤੋਂ ਖੁੰਝ ਚੁੱਕੇ ਬੱਚਿਆਂ ਅਤੇ ਜਿਨ੍ਹਾਂ ਦੇ ਮਾਪੇ ਆਪਣੀ ਰੋਜ਼ੀ-ਰੋਟੀ ਗੁਆ ਚੁੱਕੇ ਹਨ, ਉਨ੍ਹਾਂ ਦੀ ਗਿਣਤੀ 49 ਮਿਲੀਅਨ ਤੱਕ ਹੋ ਸਕਦੀ ਹੈ। ਆਈ.ਐੱਲ.ਓ ਨੇ 400 ਮਿਲੀਅਨ ਭਾਰਤੀ ਕੋਵਿਡ ਤੋਂ ਪਹਿਲਾਂ ਨਾਲੋਂ ਗਰੀਬ ਹੋਣ ਦੀ ਭਵਿੱਖਬਾਣੀ ਕੀਤੀ ਸੀ। ਕ੍ਰਾਈਮ ਬਿਊਰੋ ਆਫ ਇੰਡੀਆ ਦੀ ਤਾਜ਼ਾ ਰਿਪੋਰਟ ਦੱਸਦੀ ਹੈ ਕਿ ਪਿਛਲੇ ਸਾਲ ਖੁਦਕੁਸ਼ੀਆਂ ਦਾ 25% ਰੋਜ਼ਾਨਾ/ਆਮ ਕਾਮੇ ਹਨ।

ਗ੍ਰਾਮੀਣ ਭਾਰਤ ਨੂੰ ਨਜ਼ਰਅੰਦਾਜ਼ ਕਰਦੇ ਹੋਏ ਵੰਡ ਨੂੰ ਜੀ ਡੀ ਪੀ ਦੇ 1.09 ਪ੍ਰਤੀਸ਼ਤ ਤੋਂ ਘਟਾ ਕੇ 0.89 ਪ੍ਰਤੀਸ਼ਤ ਕਰ ਦਿੱਤਾ ਗਿਆ ਸੀ। ਮਨਰੇਗਾ, ਜੋ ਕੋਵਿਡ 19 ਦੌਰਾਨ ਨੌਕਰੀਆਂ ਦੇ ਗੰਭੀਰ ਨੁਕਸਾਨ ਦੇ ਦੌਰਾਨ ਲੋਕਾਂ ਦੇ ਬਚਾਅ ਵਜੋਂ ਆਈ ਸੀ, ਦੀ ਵੰਡ 98000 ਕਰੋੜ ਰੁਪਏ ਤੋਂ ਘਟ ਕੇ 73000 ਕਰੋੜ ਰੁਪਏ ਹੋ ਗਈ ਹੈ। ਭਾਰਤ ਭੁੱਖਮਰੀ ਸੂਚਕ ਅੰਕ ਵਿੱਚ ਗਰੀਬ ਹੈ, ਪਰ ਭੋਜਨ ਸਬਸਿਡੀ 2.74 ਫੀਸਦੀ ਤੋਂ ਘਟਾ ਕੇ 1.23 ਫੀਸਦੀ ਕਰ ਦਿੱਤੀ ਗਈ ਹੈ। ਕੇਂਦਰੀ ਸਪਾਂਸਰ ਸਕੀਮ ਦੀ ਵੰਡ ਨੂੰ ਜੀ ਡੀ ਪੀ ਦੇ 1.94 ਪ੍ਰਤੀਸ਼ਤ ਤੋਂ ਘਟਾ ਕੇ 1.79 ਪ੍ਰਤੀਸ਼ਤ ਕਰ ਦਿੱਤਾ ਗਿਆ ਹੈ।

ਸੰਸਦ ਮੈਂਬਰਾਂ ਦੀ ਮੁਅੱਤਲੀ ਅਤੇ ਯੂਨਾਈਟਿਡ ਫੋਰਮ ਆਫ ਸੈਂਟਰਲ ਟਰੇਡ ਯੂਨੀਅਨਜ਼ ਦੁਆਰਾ ਗੰਭੀਰ ਇਤਰਾਜ਼ਾਂ ਦੇ ਬਾਵਜੂਦ ਨਿਯਮ ਜਲਦਬਾਜ਼ੀ ਵਿੱਚ ਬਣਾਏ ਗਏ ਸਨ।

ਕਿਰਤ ਕਾਨੂੰਨਾਂ ਦੀ ਸੰਹਿਤਾਬੰਦੀ ਅਤੇ ਯੂਨੀਅਨ ਰਜਿਸਟ੍ਰੇਸ਼ਨ ਅਤੇ ਮਾਨਤਾ ਨੂੰ ਬਹੁਤ ਮੁਸ਼ਕਲ ਬਣਾਉਣ ਲਈ ਉਦਯੋਗਿਕ ਵਿਵਾਦ ਐਕਟ ਵਿੱਚ ਪਹਿਲੇ ਉਪਬੰਧ ਵਿੱਚ 100 ਕਾਮਿਆਂ ਦੀ ਸੀਮਾ ਨੂੰ ਵਧਾ ਕੇ 300 ਕਰ ਦਿੱਤਾ ਗਿਆ ਹੈ। 77 ਫੀਸਦੀ ਉਦਯੋਗਿਕ ਇਕਾਈਆਂ ਹੁਣ ਕਿਰਤ ਕਾਨੂੰਨਾਂ ਦੇ ਦਾਇਰੇ ਤੋਂ ਬਾਹਰ ਹੋ ਜਾਣਗੀਆਂ। ਉਨ੍ਹਾਂ ਦੇ ਕਰਮਚਾਰੀਆਂ ਨੂੰ ਨੌਕਰੀ ਦੀ ਸੁਰੱਖਿਆ ਨਹੀਂ ਹੋਵੇਗੀ, ਬੰਦ ਕਰਨਾ ਅਤੇ ਛਾਂਟੀ ਕਰਨਾ ਆਸਾਨ ਹੋਵੇਗਾ, ਹੜਤਾਲ ਕਰਨ ਦਾ ਅਧਿਕਾਰ ਖੋਹ ਲਿਆ ਜਾਵੇਗਾ, ਤਨਖਾਹ ਦੀ ਪਰਿਭਾਸ਼ਾ ਨੂੰ ਸੋਧਿਆ ਜਾ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਟੇਕ ਹੋਮ ਤਨਖਾਹ ਨੂੰ ਘਟਾਇਆ ਜਾ ਰਿਹਾ ਹੈ। ਘੱਟੋ-ਘੱਟ ਉਜਰਤ ਕਾਨੂੰਨ ਨੂੰ ਬੇਲੋੜਾ ਬਣਾਇਆ ਜਾਵੇਗਾ। 178 ਰੁਪਏ ਪ੍ਰਤੀ ਦਿਨ ਦੀ ਫਲੋਰ ਪੱਧਰ ਦੀ ਮਜ਼ਦੂਰੀ, ਜਿਵੇਂ ਕਿ ਸੁਝਾਈ ਗਈ ਹੈ, ਘੱਟੋ-ਘੱਟ ਉਜਰਤ ਦਾ ਇੱਕ ਤਿਹਾਈ ਹੈ, ਕੰਮ ਲੈਣ ਲਈ ਮਜ਼ਦੂਰਾਂ ਨੂੰ ਅਪ੍ਰੈਂਟਿਸ ਆਦਿ ਵਜੋਂ ਰੱਖਣ ਦੀ ਵੱਡੀ ਸੰਭਾਵਨਾ ਹੋਵੇਗੀ ਪਰ ਉਨ੍ਹਾਂ ਨੂੰ ਯੂਨੀਅਨ ਬਣਾਉਣ ਦੇ ਅਧਿਕਾਰਾਂ ਤੋਂ ਬਾਹਰ ਕਰਨ ਲਈ ਮਜ਼ਦੂਰ ਦਾ ਦਰਜਾ ਦੇਣ ਤੋਂ ਇਨਕਾਰ ਕੀਤਾ ਜਾਵੇਗਾ। ਇਕਰਾਰਨਾਮੇ ਦੇ ਅਮਲ ਨੂੰ ਮਿਆਰੀ ਬਣਾਉਣ ਲਈ ਕੰਟਰੈਕਟ ਐਕਟ ਵਿੱਚ ਸੋਧ ਕੀਤੀ ਜਾ ਰਹੀ ਹੈ, ਆਊਟਸੋਰਸਿੰਗ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਬਰਾਬਰ ਕੰਮ ਲਈ ਬਰਾਬਰ ਤਨਖਾਹ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ।

ਟਰੇਡ ਯੂਨੀਅਨਾਂ ਨੂੰ ਕਿਸੇ ਵੀ ਅਸਹਿਮਤੀ ਦੀ ਆਵਾਜ਼ ਨੂੰ ਬੰਦ ਕਰਨ ਲਈ ਸੱਤਾਧਾਰੀ ਸ਼ਾਸਨ ਦੁਆਰਾ ਪੈਦਾ ਕੀਤੇ ਗਏ ਡਰ ਦੇ ਮਨੋਵਿਗਿਆਨ ਦੇ ਇਸ ਚੱਕਰ ਨੂੰ ਤੋੜਨਾ ਜਾਰੀ ਰੱਖਣਾ ਚਾਹੀਦਾ ਹੈ।

ਮਜ਼ਦੂਰ ਵਰਗ, ਕਿਸਾਨਾਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ 'ਤੇ ਲਗਾਤਾਰ ਹੋ ਰਹੇ ਹਮਲਿਆਂ ਦੇ ਪਿਛੋਕੜ ਵਿਚ ਆਉਣ ਵਾਲੇ ਦਿਨਾਂ ਵਿਚ ਅੰਦੋਲਨ ਹੋਰ ਵਿਆਪਕ ਕਰਨੇ ਪੈਣਗੇ।

ਕੇਂਦਰੀ ਅਤੇ ਸੂਬਾ ਹੈੱਡਕੁਆਰਟਰਾਂ ਅਤੇ ਯੂਨੀਅਨ ਪੱਧਰ ਦੇ ਕੰਮਕਾਜ ਵਿੱਚ ਵੀ ਏਟਕ ਨੂੰ ਸੰਗਠਨਾਤਮਕ ਤੌਰ 'ਤੇ ਮਜ਼ਬੂਤ ਕਰਨ ਦੀ ਲੋੜ ਹੈ।

ਤਕਨਾਲੋਜੀ ਦੇ ਨਵੀਨੀਕਰਨ ਅਤੇ ਕੰਮ ਦੇ ਨਵੇਂ ਖੇਤਰਾਂ ਦੇ ਡਿਜ਼ੀਟਲ ਪਲੇਟਫਾਰਮ ਵਰਕਰਾਂ ਦੇ ਕਾਰਨ ਤੇਜ਼ੀ ਨਾਲ ਬਦਲਦੀਆਂ ਸਥਿਤੀਆਂ ਵਿੱਚ ਵਿਸਤਾਰ ਕਰਨਾ ਚਾਹੀਦਾ ਹੈ।

ਯੂਨੀਅਨ ਬਣਾਉਣ ਲਈ ਨਵੇਂ ਉਦਯੋਗਿਕ ਖੇਤਰਾਂ ਵਿੱਚ ਵੀ ਯਤਨਾਂ ਨੂੰ ਵਧਾਉਣ ਦੀ ਲੋੜ ਹੈ।

ਕੰਟਰੈਕਟਡ ਅਤੇ ਆਊਟਸੋਰਸਡ ਕਾਮਿਆਂ ਨੂੰ ਸਟੇਟ ਹੈੱਡਕੁਆਰਟਰ, ਰਸਮੀ ਸੈਕਟਰ ਯੂਨੀਅਨਾਂ, ਸਰਕਾਰ ਅਤੇ ਜਨਤਕ ਖੇਤਰ ਦੀਆਂ ਯੂਨੀਅਨਾਂ ਤੋਂ ਵਧੇਰੇ ਧਿਆਨ ਦੇਣਾ ਚਾਹੀਦਾ ਹੈ।

ਔਰਤਾਂ ਅਤੇ ਨੌਜਵਾਨ ਵਰਕਰਾਂ ਨੂੰ ਯੂਨੀਅਨ ਦੇ ਘੇਰੇ ਵਿੱਚ ਲਿਆਉਣ ਲਈ ਵਿਸ਼ੇਸ਼ ਉਪਰਾਲੇ ਕਰਨੇ ਪੈਣਗੇ।

ਟਰੇਡ ਯੂਨੀਅਨ ਸਿੱਖਿਆ ਬਹੁਤ ਜ਼ਰੂਰੀ ਹੁੰਦੀ ਜਾ ਰਹੀ ਹੈ, ਸਿੱਖਿਆ ਪ੍ਰੋਗਰਾਮਾਂ ਵੱਲ ਗੰਭੀਰਤਾ ਨਾਲ ਧਿਆਨ ਦੇਣ ਦੀ ਲੋੜ ਹੈ। ਏਟਕ ਨੂੰ ਸਿਆਸੀ ਤੌਰ 'ਤੇ ਅਤੇ ਜਥੇਬੰਦਕ ਤੌਰ 'ਤੇ ਮਜ਼ਬੂਤ ਬਣਾਉਣਾ ਜਿਸ ਵਿੱਚ ਵਿਆਪਕ ਅਧਾਰਤ ਅੰਦੋਲਨਾਂ ਦੀ ਦ੍ਰਿਸ਼ਟੀ ਹੋਵੇ, ਸਮੇਂ ਦੀ ਲੋੜ ਹੈ।

***# ਸੰਪਰਕ : 99884-91002***

## ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

# ਬੀਬੀ ਬਲਦੇਵ ਕੌਰ ਦਾ ਜੀਵਨ ਰਾਹ-ਦਸੇਰਾ ਸੀ

ਸੁਖਦੇਵ ਸ਼ਰਮਾ

ਬੀਬੀ ਬਲਦੇਵ ਕੌਰ ਨੇ 1939 ਵਿੱਚ ਪਿੰਡ ਸਲਾਣਾ ਨੇੜੇ ਅਮਲੋਹ ਪਿਤਾ ਸ੍ਰੀ ਬਾਬੂ ਸਿੰਘ ਅਤੇ ਮਾਤਾ ਮਹਿੰਦਰ ਕੌਰ ਦੇ ਘਰ ਜਨਮ ਲਿਆ। ਬੀਬੀ ਆਪਣੇ ਮਾਤਾ-ਪਿਤਾ ਦੀ ਇਕਲੌਤੀ ਸੰਤਾਨ ਸੀ। ਭਾਵੇਂ ਉਨ੍ਹਾ ਕਿਸੇ ਸਕੂਲ ਵਿੱਚ ਵਿੱਦਿਆ ਪ੍ਰਾਪਤ ਨਹੀਂ ਕੀਤੀ, ਪਰ ਉਹ ਪੰਜਾਬੀ ਪੂਰੀ ਚੰਗੀ ਤਰ੍ਹਾਂ ਪੜ੍ਹ ਅਤੇ ਲਿਖ ਲੈਂਦੇ ਸਨ। 1957 ਵਿੱਚ ਉਨ੍ਹਾ ਦਾ ਵਿਆਹ ਆਪਣੇ ਨਾਨਕੇ ਘਰ ਪਿੰਡ ਕੰਧਾਰਗੜ੍ਹ ਵਿਖੇ ਉੱਘੇ ਗਾਇਕ ਅਤੇ ਕਮਿਊਨਿਸਟ ਆਗੂ ਸਾਥੀ ਗੁਰਦਿਆਲ ਨਿਰਮਾਣ ਪਿੰਡ ਜੱਖਲਾਂ ਨਾਲ ਹੋਇਆ। ਛੇਤੀ ਹੀ ਇਸ ਜੋੜੀ ਨੇ ਧੂਰੀ ਸ਼ਹਿਰ ਨੂੰ ਆਪਣਾ ਰੈਣ ਬਸੇਰਾ ਬਣਾ ਲਿਆ। ਬੀਬੀ ਬਲਦੇਵ ਕੌਰ ਨੇ ਦੋ ਪੁੱਤਰਾਂ ਅਤੇ ਇਕ ਧੀ ਨੂੰ ਜਨਮ ਦਿੱਤਾ। ਵੱਡੇ ਬੇਟੇ ਦਾ ਨਾਂਅ ਅਮਰਜੀਤ ਸਿੰਘ ਹੈ, ਜੋ ਕਾਨੂੰਗੋ ਦੇ ਤੌਰ 'ਤੇ ਰਿਟਾਇਰਡ ਹੋ ਚੁੱਕਾ ਹੈ ਅਤੇ ਛੋਟਾ ਬੇਟਾ ਲਵਲੀ ਨਿਰਮਾਣ ਉੱਘੇ ਅਤੇ ਵਧੀਆ ਗਾਇਕ ਹਨ। ਅਮਰਜੀਤ ਸਿੰਘ ਦੇ ਦੋ ਬੇਟੇ ਅਤੇ ਲਵਲੀ ਨਿਰਮਾਣ ਦੇ ਇੱਕ ਬੇਟਾ ਅਤੇ ਇੱਕ ਬੇਟੀ ਹੈ। ਬਲਦੇਵ ਕੌਰ ਅਤੇ ਗੁਰਦਿਆਲ ਨਿਰਮਾਣ ਦੀ ਪੁੱਤਰੀ ਸੰਗੀਤ ਵਿਆਹ ਤੋਂ ਬਾਅਦ ਭਰ ਜਵਾਨੀ ਵਿੱਚ ਵਿਛੋੜਾ ਦੇ ਗਈ। ਇਸ ਵਿਛੋੜੇ ਨੇ ਬੀਬੀ ਜੀ ਨੂੰ ਸਦਾ ਦੁਖੀ ਰੱਖਿਆ। ਬੀਬੀ ਬਲਦੇਵ ਕੌਰ ਆਪਣੀ ਪੂਰਨ ਤੌਰ 'ਤੇ ਖਿੜੀ ਫੁਲਵਾੜੀ ਅਤੇ ਜੀਵਨ ਸਾਥੀ ਗੁਰਦਿਆਲ ਨਿਰਮਾਣ ਤੇ ਭਾਰਤੀ ਕਮਿਊਨਿਸਟ ਦੇ ਸਾਥੀਆਂ ਨੂੰ ਛੱਡ ਕੇ 7 ਦਸੰਬਰ ਨੂੰ ਰਾਤ 9 ਵਜੇ ਸਦਾ ਲਈ ਵਿਛੋੜਾ ਦੇ ਗਏ।

ਬੀਬੀ ਬਲਦੇਵ ਕੌਰ ਨੇ ਲਗਭਗ ਦੋ ਦਹਾਕੇ ਪੰਜਾਬ ਇਸਤਰੀ ਸਭਾ ਅਤੇ ਭਾਰਤੀ ਕਮਿਊਨਿਸਟ ਪਾਰਟੀ ਲਈ ਕੰਮ ਕੀਤਾ, ਜਿਸ ਨੂੰ ਪਾਰਟੀ ਕਿਤੇ ਵੀ ਭੁਲਾ ਨਹੀਂ ਸਕਦੀ। ਬੀਬੀ ਬਲਦੇਵ ਕੌਰ ਪੰਜਾਬ ਇਸਤਰੀ ਸਭਾ ਜ਼ਿਲ੍ਹਾ ਸੰਗਰੂਰ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਧੂਰੀ ਤਹਿਸੀਲ ਦੇ ਸਕੱਤਰ ਰਹੇ। ਬੀਬੀ ਬਲਦੇਵ ਕੌਰ ਦੇ ਯਤਨਾਂ ਸਦਕਾ ਪੰਜਾਬ ਇਸਤਰੀ ਸਭਾ ਦਾ ਦਫ਼ਤਰ ਖੋਲ੍ਹਿਆ ਗਿਆ ਅਤੇ 50 ਤੋਂ ਵੱਧ ਲੜਕੀਆਂ, ਜੋ ਸਹੁਰੇ ਪਰਵਾਰ ਵੱਲੋਂ ਦੁਖੀ ਹੋਣ ਕਰਕੇ ਲੰਮੇ ਸਮੇਂ ਤੋਂ ਆਪਣੇ ਘਰਾਂ ਵਿੱਚ ਬੈਠੀਆਂ ਸਨ, ਉਹਨਾਂ ਵੱਲੋਂ ਮਿਲੀਆਂ ਅਰਜ਼ੀਆਂ 'ਤੇ ਸਹੁਰਾ ਪਰਵਾਰਾਂ ਨੂੰ ਬੁਲਾ ਕੇ ਮੁੜ ਸਹੁਰੇ ਘਰਾਂ ਵਿੱਚ ਵਸੇਬਾ ਹੀ ਨਹੀਂ ਕਰਵਾਇਆ, ਸਗੋਂ ਮਾਣ-ਸਨਮਾਨ ਵਾਲੀ ਜ਼ਿੰਦਗੀ ਦਿੱਤੀ। ਇਸ ਸਮੇਂ ਉਹਨਾ ਨਾਲ ਸੁਰਿੰਦਰ ਕੌਰ ਮੌਜੂਦਾ ਜ਼ਿਲ੍ਹਾ ਪ੍ਰਧਾਨ, ਵਿੰਦਰ ਕੌਰ, ਬੀਬੀ ਆਤਮਾ ਦੇਵੀ ਅਤੇ ਕੁਲਵਿੰਦਰ ਕੌਰ ਦੀ ਟੀਮ ਸੀ, ਜੋ ਸੀ.ਪੀ.ਆਈ. ਅਤੇ ਟਰੇਡ ਯੂਨੀਅਨ ਦੇ ਤਾਲਮੇਲ ਨਾਲ ਚਲਦੀ ਸੀ। ਇਸ ਟੀਮ ਦੀ ਅਗਵਾਈ ਬੀਬੀ ਕੁਸ਼ਲ ਭੌਰਾ ਕਰਦੇ ਰਹੇ ਹਨ।

ਉਨ੍ਹਾ ਵੱਲੋਂ 8 ਮਾਰਚ ਨੂੰ ਮਹਿਲਾ ਦਿਵਸ ਲਗਾਤਾਰ ਮਨਾਇਆ ਜਾਂਦਾ ਸੀ। ਇਸ ਲਈ ਔਰਤਾਂ ਨੂੰ ਜਗਾਉਣ ਲਈ ਜਾਗੋ ਹਮੇਸ਼ਾ ਬੀਬੀ ਬਲਦੇਵ ਕੌਰ ਆਪਣੇ ਘਰੋਂ ਸ਼ੁਰੂ ਕਰਕੇ ਪ੍ਰੋਗਰਾਮ ਵਾਲੀ ਜਗ੍ਹਾ ਲੈ ਕੇ ਆਉਂਦੇ ਸਨ। ਇਸ ਜਾਗੋ/ਮਸ਼ਾਲ ਮਾਰਚ ਦੀ ਅਗਵਾਈ ਖੁਦ ਆਪ ਕਰਦੇ ਸਨ। ਬੀਬੀ ਜੀ ਨੇ ਅਨੇਕਾਂ ਬਜ਼ੁਰਗ ਔਰਤਾਂ ਦੀਆਂ ਪੈਨਸ਼ਨਾਂ ਲਗਵਾਈਆਂ, ਜੋ ਬੇਸਹਾਰਾ ਅਤੇ ਲੋੜਵੰਦ ਸਨ। ਬੀਬੀ ਨੇ ਹਮੇਸ਼ਾ ਦੱਬੇ-ਕੁਚਲੇ ਲੋਕਾਂ ਲਈ ਕੰਮ ਕੀਤਾ ਅਤੇ ਵਿਚਾਰਧਾਰਾ ਦੇ ਤੌਰ 'ਤੇ ਖੱਬੇ ਪੱਖ ਦੀ ਧਿਰ ਬਣੀ ਰਹੀ।



ਸੰਗਰੂਰ ਜ਼ਿਲ੍ਹੇ ਦੇ ਕਮਿਊਨਿਸਟ ਆਗੂ ਸਾਥੀ ਗੁਰਦਿਆਲ ਨਿਰਮਾਣ ਦੇ ਨਾਲ ਵਿਆਹੁਤਾ ਜੀਵਨ ਦੇ 65 ਸਾਲਾਂ ਨੂੰ ਸਨਮਾਨ ਨਾਲ ਜੀਵਿਆ ਤੇ ਪਾਰਟੀ ਘੋਲਾਂ ਵਿੱਚ ਬਰਾਬਰ ਦਾ ਹਿੱਸਾ ਲਿਆ। ਉਹਨਾ ਦੀ ਸੋਚ ਕਾਰਨ ਉਹ ਪੰਜਾਬ ਇਸਤਰੀ ਸਭਾ ਦੇ ਸੈਸ਼ਨਾਂ ਵਿੱਚ ਬਤੌਰ ਡੈਲੀਗੇਟ ਭਾਗ ਲੈਂਦੇ ਰਹੇ। ਉਹਨਾ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੂਮੈਨ ਦੇ ਮਦਰਾਸ (ਚੇਨਈ) ਸੈਸ਼ਨ ਵਿਚ ਵੀ ਡੈਲੀਗੇਟ ਦੇ ਤੌਰ 'ਤੇ ਭਾਗ ਲਿਆ। ਬੀਬੀ ਜੀ ਬਹੁਤ ਹੀ ਮਿਲਾਪੜੇ ਸੁਭਾਅ ਦੇ ਮਾਲਕ ਸਨ, ਪਾਰਟੀ ਵਰਕਰ ਉਨ੍ਹਾ ਦੀ ਬਹੁਤ ਇੱਜ਼ਤ ਕਰਦੇ ਸਨ। ਉਹਨਾ ਜ਼ਿੰਦਗੀ ਦੇ 83 ਵਰ੍ਹੇ ਮਾਣੇ ਤੇ ਅੰਤ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।

ਉਹਨਾ ਨਮਿਤ ਸਹਿਜ ਪਾਠ ਦਾ ਭੋਗ ਅਤੇ ਅੰਤਮ ਅਰਦਾਸ 16 ਦਸੰਬਰ (ਸ਼ੁੱਕਰਵਾਰ) ਨੂੰ ਗੁਰਦੁਆਰਾ ਸਾਹਿਬ ਦੋਹਲਾ ਦਰਵਾਜ਼ਾ ਧੂਰੀ ਪਿੰਡ ਵਿਖੇ 12 ਤੋਂ 1 ਵਜੇ ਤੱਕ ਹੋਵੇਗੀ। ਮੈਂ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਬੀਬੀ ਬਲਦੇਵ ਕੌਰ ਦੇ ਕੀਤੇ ਕੰਮਾਂ ਅਤੇ ਸਥਾਪਤ ਕੀਰਤੀ ਅੱਗੇ ਨਤਮਸਤਕ ਹੁੰਦਾ ਹਾਂ।

**# ਸਕੱਤਰ ਸੀ.ਪੀ.ਆਈ. ਜ਼ਿਲ੍ਹਾ ਸੰਗਰੂਰ।**

